

Digitized by Panjab Digital Library | www.panjabdigilib.org

# ਧਰਮ ਦਾ ਰਾਖਾ
# ਗੁਰੂ ਗੋਬਿੰਦ ਸਿੰਘ

ਜੋਗਿੰਦਰ ਸਿੰਘ ਸੇਠੀ

ਗੁਰੂ ਤੇਗ ਬਹਾਦਰ ਨਾਮ-ਸਿਮਰਨ ਫਾਊਂਡੇਸ਼ਨ
੩੦੩, ਐਵਰੀ ਟਾਵਰ-੧, ਜੁਹੂ ਰੋਡ,
ਬੰਬਈ-੪੦੦੦੪੯
ਫੋਨ : ੬੪੯੯੯੦੫

Digitized by Panjab Digital Library | www.panjabdigilib.org

DHARM DA RAKHA
GURU GOBIND SINGH

*by*

Joginder Singh Sethi

ਪਹਿਲੀ ਵਾਰ : ਅਕਤੂਬਰ ੧੯੯੩

ਭੇਟਾ : ੫੦ ਰੁਪਏ

ਕਵਰ ਡੀਜ਼ਾਈਨ : ਸੁਖਵੰਤ

**ਪ੍ਰਕਾਸ਼ਕ :**

ਗੁਰੂ ਤੇਗ ਬਹਾਦਰ ਨਾਮ-ਸਿਮਰਨ ਫਾਊਂਡੇਸ਼ਨ,
੩੦੩, ਐਵਰੀ ਟਾਵਰ-੧, ਜੁਹੂ ਰੋਡ,
ਬੰਬਈ-੪੦੦੦੪੯
ਫੋਨ : ੬੪੯੯੯੦੫

**ਛਾਪਕ :**

ਛਾਬੜਾ ਕੰਪੋਜ਼ਿੰਗ ਹਾਊਸ
੨੧੯, ਭਾਈ ਦਿੱਤ ਸਿੰਘ ਨਗਰ
ਜਲੰਧਰ ਸ਼ਹਿਰ (ਪੰਜਾਬ)

Digitized by Panjab Digital Library | www.panjabdigilib.org

# ਵਿਸ਼ੇ-ਸੂਚੀ


| | | | | |
|---|---|---|---|---|
| | ਕੁਝ ਪ੍ਰਕਾਸ਼ਕ ਵਲੋਂ | — | — | ੫ |
| | ਗੁਰ ਉਪਦੇਸ਼ | — | — | ੧੦ |
| ੧. | ਪ੍ਰਕਾਸ਼ | — | — | ੧੫ |
| ੨. | ਪਿਤਾ ਜੀ ਦੀ ਸ਼ਹਾਦਤ | — | — | ੨੧ |
| ੩. | ਦੇਸ਼ ਦੀ ਹਾਲਤ | — | — | ੨੪ |
| ੪. | ਏਕਾ ਦੇਸ਼ ਦਾ ਪਹਿਲਾ ਉਪਦੇਸ਼ | — | — | ੨੭ |
| ੫. | ਏਕਾ ਕੌਮ ਦਾ ਦੂਸਰਾ ਉਪਦੇਸ਼ | — | — | ੨੯ |
| ੬. | ਏਕਾ ਟੇਕ ਦਾ ਤੀਸਰਾ ਉਪਦੇਸ਼ | — | — | ੩੧ |
| ੭. | ਪੰਜ ਪਿਆਰੇ | — | — | ੩੩ |
| ੮. | ਏਕਾ ਵੇਸ ਦਾ ਚੌਥਾ ਉਪਦੇਸ਼ | — | — | ੩੫ |
| ੯. | ਅੰਮ੍ਰਿਤ ਦੀ ਦਾਤ | — | — | ੩੬ |
| ੧੦. | ਆਪੇ ਗੁਰ ਚੇਲਾ | — | — | ੩੭ |
| ੧੧. | ਕਿਰਪਾਨ | — | — | ੩੮ |
| ੧੨. | ਹਿੰਸਾ-ਅਹਿੰਸਾ | — | — | ੩੯ |
| ੧੩. | ਏਕਾ ਉਦੇਸ਼ ਦਾ ਪੰਜਵਾਂ ਉਪਦੇਸ਼ | — | — | ੪੩ |
| ੧੪. | ਬੀਰ ਰਸ | — | — | ੪੪ |
| ੧੫. | ਅਨੰਦਪੁਰ ਸਾਹਿਬ ਦੀਆਂ ਚਾਰ ਲੜਾਈਆਂ | — | — | ੪੫ |
| ੧੬. | ਛੋਟੇ ਸਾਹਿਬ ਜ਼ਾਦਿਆਂ ਦਾ ਕੰਧਾਂ ਵਿਚ ਚਿਣਾਉਣਾ | — | — | ੪੯ |
| ੧੭. | ਵੱਡੇ ਸਾਹਿਬ ਜ਼ਾਦਿਆਂ ਦੀ ਸ਼ਹਾਦਤ | — | — | ੫੧ |
| ੧੮. | ਮਿਤ੍ਰ ਪਿਆਰੇ ਨੂੰ | — | — | ੫੩ |
| ੧੯. | ੪੦ ਮੁਕਤੇ | — | — | ੫੫ |
| ੨੦. | ਦਮਦਮਾ ਸਾਹਿਬ | — | — | ੫੮ |
| ੨੧. | ਜ਼ਫ਼ਰਨਾਮਾ | — | — | ੫੯ |
| ੨੨. | ਬਹਾਦਰ ਸ਼ਾਹ ਦਾ ਸ਼ਰਨ ਆਉਣਾ | — | — | ੬੨ |


Digitized by Panjab Digital Library | www.panjabdigilib.org

੨੩. ਬੰਦਾ ਸਿੰਘ ਬਹਾਦਰ — — ੬੪
੨੪. ਗੁਰੂ ਜੀ ਦੀ ਸ਼ਹਾਦਤ — — ੬੭
੨੫. ਗੁਰੂ ਜੀ ਦੀ ਸ਼ਖਸੀਅਤ — — ੭੦
੨੬. ਗੁਰੂ ਜੀ ਦੀ ਦੇਣ—ਗ੍ਰੰਥ ਤੇ ਪੰਥ — — ੭੧

**ਅੰਤਕਾ ਨੰ: ੧**

ਬਾਬਾ ਜੁਝਾਰ ਸਿੰਘ ਜੀ ਦੀ ਸ਼ਹਾਦਤ — — ੭੯

**ਅੰਤਕਾ ਨੰ: ੨**

ਮਨਮੁਖਾਂ ਦੀ ਦੁਰਦਸ਼ਾ — — ੮੧

**ਅੰਤਕਾ ਨੰ: ੩**

ਫਤਹ ਦੀ ਚਿੱਠੀ — — ੮੫

**ਅੰਤਕਾ ਨੰ: ੪**

ਬੰਦਾ ਸਿੰਘ ਬਹਾਦੁਰ ਨੂੰ ਸ਼ਰਧਾਂਜਲੀ—
ਰਾਬਿੰਦਰ ਨਾਥ ਟੈਗੋਰ ਵਲੋਂ — — ੮੮

Digitized by Panjab Digital Library | www.panjabdigilib.org

**ਇਸੇ ਕਲਮ ਤੋਂ :**

ਸਿਮਰਨ ਕਿਦਾਂ ਕਰੀਏ
ਸਾਸਿ ਸਾਸ ਸਿਮਰਨ ਕਿਦਾਂ ਕਰੀਏ
ਸਿਮਰਨ ਸਹਾਈ ਸੁਝਾਉ
ਰਬ ਕਿਦਾਂ ਮਿਲਦਾ ਹੈ
੧ਓ ਤੋਂ ਗੁਰਪ੍ਰਸਾਦਿ ਤਕ
ਮੌਤ ਕੀ ਹੈ
ਬਾਲ ਬ੍ਰਹਮ ਗਿਆਨੀ ਅਰਜਨ ਦੇਵ ਗੁਰੂ
ਯਾਤਰਾ ਸਚ ਖੰਡ ਦੀ
ਹਰਿ ਚਉਥੜੀ ਲਾਵ
ਦਸ ਸਵਾਲ
੧੧ ਗੁਰੂ

Digitized by Panjab Digital Library | www.panjabdigilib.org

# ਕੁਝ ਪ੍ਰਕਾਸ਼ਕ ਵਲੋਂ

ਗੁਰਦੁਆਰਾ ਧੰਨ-ਪੋਠੋਹਾਰ ਨਗਰ (ਬੰਬਈ) ਵਿਖੇ ਸਾਧ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਕੁਝ ਲੈਕਚਰ ਦਿੱਤੇ ਸਨ। ਇਹ ਪੁਸਤਕ ਉਨ੍ਹਾਂ ਲੈਕਚਰਾਂ ਉੱਪਰ ਆਧਾਰਤ ਹੈ। ਸਾਰੀ ਗੱਲ-ਬਾਤ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਨੂੰ ਲੈ ਕੇ ਕੀਤੀ ਗਈ ਹੈ ਤੇ ਇਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਵਰਤੋਂ ਨਹੀਂ ਕੀਤੀ ਗਈ।

ਗੁਰੂ ਜੀ ਦਾ ਸੰਸਾਰ ਵਿਚ ਆਉਣ ਦਾ ਉਦੇਸ਼ ਸੀ, "ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਭਨ ਕੋ ਮੂਲ ਉਪਾਰਨ।" ਇਸ ਉਦੇਸ਼ ਦੀ ਪੂਰਤੀ ਲਈ ਆਪ ਜੀ ਨੇ ਖਾਲਸਾ ਪੰਥ ਸਾਜਿਆ। ਇਸ ਨੂੰ ਆਪ ਜੀ ਨੇ ਪੰਜ ਉਪਦੇਸ਼ ਦਿੱਤੇ—ਏਕਾ ਦੇਸ਼, ਏਕਾ ਕੌਮ, ਏਕਾ ਟੇਕ, ਏਕਾ ਵੇਸ ਤੇ ਏਕਾ ਉਦੇਸ਼। ਆਪ ਜੀ ਨੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" (Fatherhood of God and Brotherhood of Man) ਦਾ ਉਪਦੇਸ਼ ਦ੍ਰਿੜ੍ਹਾਇਆ। ਗੁਰੂ ਜੀ ਦੇ ਸੰਕਲਪ ਅਨੁਸਾਰ ਸਾਰਾ ਵਿਸ਼ਵ ਹੀ ਇਕ ਦੇਸ਼ ਹੈ, ਭਾਵੇਂ ਇਸ ਵਿਚ ਰਹਿਣ ਵਾਲੇ ਆਪਣੇ ਆਪ ਨੂੰ ਚੀਨੀ, ਨਿਪਾਲੀ, ਫਰੰਗੀ, ਹਿੰਦੋਸਤਾਨੀ, ਆਦਿ ਸਦਵਾਂਦੇ ਹੋਣ। ਇਦਾਂ ਹੀ ਆਪ ਜੀ ਨੇ ਸਾਰੀ ਮਨੁੱਖ ਜਾਤੀ ਨੂੰ ਇਕ ਕੌਮ ਕਿਹਾ ਤੇ ਸਾਰਿਆਂ ਦਾ ਧਰਮ ਇਕੋ ਦਸਿਆ, ਭਾਵੇਂ ਉਹ ਹਿੰਦੂ ਹੋਵੇ ਜਾਂ ਮੁਸਲਮਾਨ, ਗੀਤਾ ਪੜ੍ਹਦਾ ਹੋਵੇ



Digitized by Panjab Digital Library | www.panjabdigilib.org

ਜਾਂ ਕੁਰਾਨ ਤੇ ਮੰਦਰ ਜਾਂਦਾ ਹੋਵੇ ਜਾਂ ਮਸੀਤ । ਇਸ ਸਾਂਝੇ ਦੇਸ਼-ਕੌਮ-ਧਰਮ ਦਾ ਕੋਈ ਬੰਦਾ ਗਰੀਬ ਨਹੀਂ, ਗੁਲਾਮ ਨਹੀਂ, ਮੁਥਾਜ ਨਹੀਂ, ਪੀੜਤ ਨਹੀਂ । ਮਨੁੱਖ ਦੀ ਟੇਕ ਵੀ ਇਕੋ ਹੋਣੀ ਚਾਹੀਦੀ ਹੈ, ਮੜ੍ਹੀਆਂ-ਮਸਾਣਾਂ, ਟੂਣੇ-ਟੋਟਕਿਆਂ, ਜੰਤਰਾਂ-ਮੰਤਰਾਂ ਤੇ ਪੀਰਾਂ-ਸੰਤਾਂ ਤੋਂ ਆਜ਼ਾਦ । ਇੱਦਾਂ ਦਾ ਮਨੁੱਖ ਹੀ ਨਿਰਭਉ ਹੋ ਕੇ ਧਰਮ ਲਈ ਲੜ ਸਕਦਾ ਹੈ । ਇੱਦਾਂ ਦੇ ਪੰਥ ਨੂੰ ਆਪ ਜੀ ਨੇ ਏਕਾ ਵੇਸ (ਕਿਰਪਾਨ, ਕੇਸ, ਕੰਘਾ, ਕੱਛਾ ਤੇ ਕੜਾ) ਦਾ ਧਾਰਨੀ ਬਣਾਇਆ । ਆਪ ਜੀ ਨੇ ਦੱਸਿਆ ਕਿ ਪੰਥ ਦਾ ਉਦੇਸ਼ ਅਧਰਮ ਮਿਟਾਣਾ ਹੈ । ਇਸ ਦੇ ਲਈ ਆਪ ਜੀ ਨੇ ਖਾਲਸੇ ਕੋਲੋਂ ਪ੍ਰਣ ਲਿਆ ਕਿ ਉਹ ਅਧਰਮ ਦੀ ਲੜਾਈ ਵਿਚ ਕਦੀ ਵੀ ਪਿੱਛੇ ਨਹੀਂ ਹਟੇਗਾ ਤੇ ਸ਼ੁਭ ਕਰਮਨ ਲਈ ਲੜ ਕੇ ਆਪਣੀ ਜਿੱਤ ਪ੍ਰਾਪਤ ਕਰੇਗਾ ਜਾਂ ਸ਼ਹੀਦੀ ਪ੍ਰਾਪਤ ਕਰੇਗਾ ।

ਸ਼ਹੀਦੀ ਪਾਣ ਦਾ ਰਾਹ ਆਪ ਜੀ ਨੇ ਆਪਣਾ ਸਰਬੰਸ ਵਾਰ ਕੇ ਖਾਲਸਾ-ਪੰਥ ਨੂੰ ਸਿਖਾਇਆ । ਆਪ ਜੀ ਨੇ ਆਪਣੇ ਪਿਤਾ ਜੀ ਨੂੰ ਸ਼ਹੀਦ ਕਰਵਾਇਆ, ਆਪਣੇ ਚਾਰੋਂ ਸਹਿਬ ਜ਼ਾਦਿਆਂ ਨੂੰ ਸ਼ਹੀਦ ਕਰਵਾਇਆ (ਦੋ ਲੜਾਈ ਵਿਚ ਮਾਰੇ ਗਏ ਤੇ ਦੂਸਰੇ ਦੋ ਜੀਊਂਦੇ ਕੰਧਾਂ ਵਿਚ ਚਿਣੇ ਗਏ), ਆਪ ਜੀ ਦੀ ਮਾਤਾ ਨੂੰ ਸਰਹੰਦ ਦੇ ਠੰਡੇ ਬੁਰਜ ਤੋਂ ਧਕਾ ਦੇ ਕੇ ਮਾਰ ਦਿੱਤਾ ਗਿਆ ਤੇ ਆਪ ਜੀ ਸੂਬੇ ਸਰਹੰਦ ਦੇ ਭੇਜੇ ਬੰਦਿਆਂ ਦੇ ਹੱਥੋਂ ਕਾਤਲਾਨਾ ਹਮਲੇ ਰਾਹੀਂ ਸ਼ਹੀਦ ਹੋਏ । ਇਨ੍ਹਾਂ ਦੇ ਪੂਰਨਿਆਂ ਤੇ ਚਲ ਕੇ ਹੀ ਸਿੰਘ ਸ਼ਹੀਦੀਆਂ ਪਾਉਂਦੇ ਰਹੇ, ਪਰ ਧਰਮ ਯੁੱਧ ਤੋਂ ਪਿੱਛੇ ਨਹੀਂ ਹਟੇ । ਗਿਣਤੀ ਵਿਚ ਭਾਵੇਂ ੧੦੦ ਸਨ ਜਾਂ ੪੦, ਉਹ ਅਧਰਮੀਆਂ ਦੀਆਂ ਲੱਖਾਂ ਦੀਆਂ ਫੌਜਾਂ ਨਾਲ ਵੀ ਜਾ ਟਕਰਾਏ ਤੇ ਅਖੀਰੀ ਸਵਾਸ ਤੱਕ ਲੜਦੇ ਰਹੇ । ਛੋਟੇ ਘਲੂਘਾਰੇ ਵਿਚ ੧੦,੦੦੦ ਸਿੰਘ ਸ਼ਹੀਦ ਹੋਏ ਤੇ ਵੱਡੇ ਘਲੂਘਾਰੇ ਵਿਚ ੩੦,੦੦੦ । ਇਕ ਅੰਦਾਜ਼ੇ ਅਨੁਸਾਰ ਵੱਡੇ ਘਲੂਘਾਰੇ ਵਿਚ ੧,੦੦,੦੦੦ ਸਿੰਘਾਂ ਨੇ ਸ਼ਹੀਦੀਆਂ ਪਾਈਆਂ । ਦੇਸ਼ ਦੀ ਆਜ਼ਾਦੀ ਵਿਚ ਸ਼ਹੀਦੀ ਪਾਣ ਵਾਲਿਆਂ



Digitized by Panjab Digital Library | www.panjabdigilib.org

ਵਿਚੋਂ ਸਿੰਘ ੪੯ ਪ੍ਰਤੀਸ਼ਤ ਸਨ ਤੇ ਕਾਲੇ ਪਾਣੀ ਉਮਰ ਕੈਦ ਕੱਟਣ ਲਈ ਭੇਜਣ ਵਾਲਿਆਂ ਵਿਚ ੯੩ ਪ੍ਰਤੀਸ਼ਤ । ਗਊ ਰੱਖਿਆ ਲਈ ਤੋਪਾਂ ਨਾਲ ਉਡਾਏ ਜਾਣ ਵਾਲੇ ਸ਼ਹੀਦ ਸੌ ਪ੍ਰਤੀਸ਼ਤ ਸਿੰਘ ਸਨ । ਧੰਨ ਹਨ ਗੁਰੂ ਦੇ ਸਿੰਘ ।

ਸਾਧ ਜੀ ਨੇ ਸਾਰੀਆਂ ਘਟਨਾਵਾਂ ਇਤਿਹਾਸ ਵਿਚੋਂ ਹੀ ਲਈਆਂ ਹਨ, ਪਰ ਕੁਝ ਗੱਲਾਂ ਜਿਹੜੀਆਂ ਠੀਕ ਨਹੀਂ ਲਗੀਆਂ, ਛੱਡ ਦਿੱਤੀਆਂ ਹਨ ਜਾਂ ਲੋੜੀਂਦੀ ਤਬਦੀਲੀ ਨਾਲ ਦੱਸੀਆਂ ਹਨ । ਸਾਰੀਆਂ ਘਟਨਾਵਾਂ ਨੂੰ ਆਪ ਜੀ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਿਆ ਤੇ ਪੇਸ਼ ਕੀਤਾ ਹੈ । ਇੱਦਾਂ ਕਰਨ ਲਈ ਅਸੀਂ ਖਿਮਾ ਮੰਗਦੇ ਹਾਂ । ਇਹ ਇਤਿਹਾਸ ਦੀ ਪੁਸਤਕ ਨਹੀਂ । ਇਸ ਲਈ ਇਸ ਵਿਚੋਂ ਇਤਿਹਾਸ ਨਾ ਖੋਜਿਆ ਜਾਏ । ਇਸ ਵਿਚੋਂ ਸਿਰਫ ਪ੍ਰੇਮ, ਭਾਵਨਾ ਤੇ ਧਰਮ ਬਚਾਉਣ ਦਾ ਚਾਅ ਹੀ ਦੇਖਿਆ ਜਾਏ ।

ਗੁਰੂ ਜੀ ਦੇ ਗਰਭ ਧਾਰਣ ਸਬੰਧੀ, ਆਪ ਜੀ ਨੇ ਅਧਿਆਤਮਕ ਦ੍ਰਿਸ਼ਟੀ ਤੋਂ ਇਕ ਨਵੀਂ ਰੌਸ਼ਨੀ ਪਾਈ ਹੈ । ਹਿੰਸਾ ਤੇ ਅਹਿੰਸਾ ਬਾਰੇ ਇਕ ਲੰਬੀ ਤੇ ਤਰਕ-ਯੁਕਤ ਚਰਚਾ ਕੀਤੀ ਹੈ । ਪੰਥ ਨੂੰ ਆਪਣੇ ਫੈਸਲੇ ਆਪ ਕਰਨ ਦੀ ਸਿੱਖਿਆ, ਗੁਰੂ ਜੀ ਨੇ ਕਿੱਦਾਂ ਦਿੱਤੀ, ਇਸ ਦਾ ਜ਼ਿਕਰ ਕੀਤਾ ਗਿਆ ਹੈ । ਗੁਰੂ ਜੀ ਦੇ "ਜ਼ਫਰਨਾਮਾ" ਤੇ ਔਰੰਗਜ਼ੇਬ ਦੇ "ਸ਼ਿਕਸਤ ਨਾਮਾ" ਰਾਹੀਂ ਦੋਨਾਂ ਦੀ ਮਨੋਦਸ਼ਾ ਨੂੰ ਦਰਸਾਇਆ ਗਿਆ ਹੈ ।

ਅਸੀਂ ਸ. ਸੋਹਨ ਸਿੰਘ ਸੇਠੀ, ਪ੍ਰਧਾਨ, ਸ. ਦਲੀਪ ਸਿੰਘ ਚੰਢੋਕ, ਸਕੱਤਰ ਤੇ ਸ. ਜਸਬੀਰ ਸਿੰਘ ਚੰਢੋਕ, ਸਟੇਜ ਸਕੱਤਰ ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਮਦਦ ਕੀਤੀ । ਅਸੀਂ ਸ਼ਰੋਮਣੀ ਰਾਗੀ, ਭਾਈ ਅਜੀਤ ਸਿੰਘ ਜੀ ਦੇ ਵਿਸ਼ੇਸ਼ ਰੂਪ ਵਿਚ ਸ਼ੁਕਰ ਗੁਜ਼ਾਰ ਹਾਂ ਜਿਨ੍ਹਾਂ ਨੇ ਆਪਣੀ ਮਧੁਰ ਆਵਾਜ਼ ਤੇ ਪ੍ਰਭਾਵੀ ਸੰਗੀਤ ਰਾਹੀਂ ਇਸ ਪੁਸਤਕ ਵਿਚ ਦਰਸਾਈ ਗੁਰੂ ਜੀ ਦੀ ਬਾਣੀ ਦਾ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ ।



Digitized by Panjab Digital Library | www.panjabdigilib.org

ਅਸੀਂ ਆਪ ਜੀ ਨੂੰ ਪੰਥ ਦੇ ਵਾਲੀ, ਅੰਮ੍ਰਿਤ ਦੇ ਦਾਤੇ ਤੇ ਸਰਬੰਸ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਅਤੇ ਨਵੇਂ ਸਾਲ ਸੰਨ ੧੯੯੩ ਦੇ ਆਗਮਨ ਤੇ ਲਖ-ਲਖ ਵਧਾਈ ਦੇਂਦੇ ਹਾਂ ਤੇ ਆਪਣੀ ਭੇਂਟ ਆਪ ਜੀ ਦੇ ਚਰਨਾਂ ਤੇ ਰਖਦੇ ਹਾਂ।

ਗੁਰੂ ਤੇਗ ਬਹਾਦਰ ਨਾਮ ਸਿਮਰਨ ਫਾਊਂਡੇਸ਼ਨ
੩੦੩, ਐਵਰੀ ਟਾਵਰ, ਜੁਹੂ ਰੋਡ
ਬੰਬਈ—੪੦੦੦੪੯
੧-੧-੧੯੯੩

ਸੁਰਜੀਤ ਕੌਰ
ਸਕੱਤਰ



Digitized by Panjab Digital Library | www.panjabdigilib.org

# ਗੁਰ ਉਪਦੇਸ਼

## ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

### ਤ੍ਵ ਪ੍ਰਸਾਦਿ ਸਵੱਯੇ

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ
ਬੈਠਿ ਰਹਿਓ ਬਕ ਧਿਆਨ ਲਗਾਇਓ ॥
ਨ੍ਹਾਤ ਫਿਰਿਓ ਲੀਏ ਸਾਤ ਸਮਦ੍ਰਨਿ
ਲੋਕ ਗਯੋ ਪਰਲੋਕ ਗਵਾਇਓ ॥
ਬਾਸ ਕੀਓ ਬਿਖਿਆਨ ਸੋ ਬੈਠ ਕੈ
ਐਸੇ ਹੀ ਐਸੇ ਸੁ ਬੈਸ ਬਿਤਾਇਓ ॥
ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥

(ਦਸਮ ਗਰੰਥ, ਪੰਨਾ ੧੪)

Digitized by Panjab Digital Library | www.panjabdigilib.org

# ਧਰਮ ਦਾ ਰਾਖਾ ਗੁਰੂ ਗੋਬਿੰਦ ਸਿੰਘ

Digitized by Panjab Digital Library | www.panjabdigilib.org

## ੧

# ਪ੍ਰਕਾਸ਼

ਪ੍ਰਭੂ ਨੇ ਮਨੁੱਖ ਨੂੰ ਆਪਣੇ ਕੰਮ ਲਈ ਪੂਰੀ ਖੁਲ੍ਹ ਦਿੱਤੀ ਹੋਈ ਹੈ। ਉਹ ਚੰਗਾ ਕਰੇ ਮੰਦਾ ਕਰੇ, ਭਲਾ ਕਰੇ ਬੁਰਾ ਕਰੇ, ਧਰਮ ਕਰੇ ਅਧਰਮ ਕਰੇ, ਸਭ ਦੀ ਛੂਟ ਹੈ। ਪਰ ਕਈ ਵਾਰੀਂ ਅਧਰਮੀਆਂ ਦੇ ਜ਼ੁਲਮ ਐਨੇ ਵਧ ਜਾਂਦੇ ਹਨ ਜਾਂ ਕਿਸੇ ਇਕ ਅਧਰਮੀ ਦੇ ਪਾਪਾਂ ਦਾ ਘੜਾ ਐਨਾ ਭਰ ਜਾਂਦਾ ਹੈ ਕਿ ਪ੍ਰਭੂ ਨੂੰ ਇਸ ਮਨੁੱਖੀ ਖੁਲ੍ਹ ਵਿਚ ਦਖਲ ਦੇਣਾ ਪੈਂਦਾ ਹੈ। ਇਸ ਅਧਰਮ ਨੂੰ ਮਿਟਾਉਣ ਲਈ ਪ੍ਰਭੂ ਕਿਸੀ ਮਹਾਨ ਆਤਮਾ ਨੂੰ ਸੰਸਾਰ ਵਿਚ ਭੇਜਦਾ ਹੈ। ਕਈਆਂ ਦਾ ਵਿਸ਼ਵਾਸ ਹੈ ਕਿ ਪ੍ਰਭੂ ਆਪ ਹੀ ਮਨੁੱਖੀ ਜਾਮੇ ਵਿਚ ਅਵਤਾਰ ਧਾਰਦਾ ਹੈ। ਗੀਤਾ ਵਿਚ ਭਗਵਾਨ ਕ੍ਰਿਸ਼ਨ ਕਹਿੰਦੇ ਹਨ ਕਿ ਜਦੋਂ ਜਦੋਂ ਸੰਸਾਰ ਵਿਚ ਧਰਮ ਦੀ ਗਲਾਨੀ ਹੁੰਦੀ ਹੈ ਤਾਂ ਮੈਂ ਪ੍ਰਗਟ ਹੁੰਦਾ ਹਾਂ। ਗੁਰਮਤਿ ਹੈ ਕਿ ਪ੍ਰਭੂ ਆਪ ਨਹੀਂ ਆਉਂਦਾ ਕਿਉਂਕਿ ਉਹ ਅਜੂਨੀ ਹੈ। ਪਰ ਉਹ ਇਸ ਕੰਮ ਲਈ ਕਿਸੀ ਪਹੁੰਚੀ ਹੋਈ ਆਤਮਾ ਨੂੰ ਭੇਜਦਾ ਹੈ। ਆਪ ਆਏ ਜਾਂ ਕਿਸੇ ਨੂੰ ਭੇਜੇ, ਮੁਖ ਗੱਲ ਇਹ ਹੈ ਕਿ ਪ੍ਰਭੂ ਅਧਰਮ ਦਾ ਨਾਸ਼ ਕਰਦਾ/ਕਰਵਾਉਂਦਾ ਹੈ।

ਸੰਸਾਰ ਭਰ ਦੇ ਧਰਮ ਇਸ ਗੱਲ ਨੂੰ ਮੰਨਦੇ ਹਨ। ਸਭ ਤੋਂ ਪੁਰਾਣਾ ਧਰਮ ਇਬਰਾਹੀਮ ਨੂੰ ਮੰਨਣ ਵਾਲਿਆਂ ਦਾ ਹੈ। ਮਿਸਰ ਦੇ ਹਾਕਮ ਫਿਰਔਨ ਨੇ ਇਸ ਨੂੰ ਮੰਨਣ ਵਾਲਿਆਂ ਤੇ ਬਹੁਤ ਜ਼ੁਲਮ ਢਾਏ। ਇਨ੍ਹਾਂ ਨੂੰ ਬਿਨਾਂ ਕਸੂਰ ਫਾਂਸੀ ਤੇ ਚੜ੍ਹਾ ਦਿੱਤਾ ਗਿਆ। ਇਸ ਅਧਰਮ ਨੂੰ ਖਤਮ ਕਰਨ ਲਈ ਪ੍ਰਭੂ ਨੇ ਮੂਸਾ ਨੂੰ ਭੇਜਿਆ ਜਿਸ ਨੇ ਯਹੂਦੀ ਪੰਥ ਚਲਾਇਆ ਤੇ ਜ਼ਾਲਮ ਫਿਰਔਨ ਦਾ ਟਾਕਰਾ ਕੀਤਾ। ਇੱਦਾਂ ਹੀ ਫਲਸਤੀਨ ਦੇ ਰਾਜੇ ਹੀਰੋਡ ਨੇ ਇਨ੍ਹਾਂ ਯਹੂਦੀਆਂ ਨੂੰ ਬਹੁਤ ਦੁਖ ਦਿੱਤਾ।



Digitized by Panjab Digital Library | www.panjabdigilib.org

ਇਨ੍ਹਾਂ ਦੀ ਰੱਖਿਆ ਲਈ ਪ੍ਰਭੂ ਨੇ ਈਸਾ ਨੂੰ ਭੇਜਿਆ ਜਿਸ ਨੇ ਇਸਾਈ ਧਰਮ ਚਲਾਇਆ ਤੇ ਅਨਿਆਏ ਦੇ ਵਿਰੁਧ ਆਵਾਜ਼ ਉਠਾਈ। ਸਾਡੇ ਆਪਣੇ ਦੇਸ਼ ਦਾ ਇਤਿਹਾਸ ਵੀ ਇਸ ਵਿਚਾਰ ਦੀ ਪੁਸ਼ਟੀ ਕਰਦਾ ਹੈ। ਰਾਵਣ ਦੇ ਜ਼ੁਲਮ ਨੂੰ ਮੁਕਾਉਣ ਲਈ ਰਾਮ ਆਇਆ, ਕੰਸ ਨੂੰ ਪਾਪਾਂ ਦੀ ਸਜ਼ਾ ਦੇਣ ਲਈ ਕ੍ਰਿਸ਼ਨ ਆਇਆ ਤੇ ਹਰਨਾਕਸ਼ ਦੇ ਅਧਰਮ ਨੂੰ ਮਿਟਾਉਣ ਲਈ ਨਰਸਿੰਘ ਅਵਤਾਰ ਆਇਆ। ਇੱਦਾਂ ਹੀ ਮੁਗ਼ਲ ਹਕੂਮਤ ਦੇ ਵਧਦੇ ਅਤਿਆਚਾਰ ਨੂੰ ਮਿਟਾਉਣ ਲਈ ਪ੍ਰਭੂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਜਿਆ।

ਇਸ ਗੱਲ ਦੀ ਪੁਸ਼ਟੀ ਸਾਨੂੰ ਕਿਸੇ ਹੋਰ ਕੋਲੋਂ ਨਹੀਂ ਲੈਣੀ ਪੈਂਦੀ ਕਿਉਂਕਿ ਗੁਰੂ ਜੀ ਨੇ ਇਸ ਸਬੰਧ ਵਿਚ ਆਪ ਆਪਣੀ ਰਚਨਾ ਵਿਚ ਜ਼ਿਕਰ ਕੀਤਾ ਹੈ। ਆਪ ਜੀ ਆਪਣੀ ਰਚਨਾ "ਬਚਿਤ੍ਰ ਨਾਟਕ" ਵਿਚ ਲਿਖਦੇ ਹਨ ਕਿ ਮੈਂ ਹੇਮ ਕੁੰਟ ਪ੍ਰਬਤ ਤੇ ਬੈਠਾ ਘੋਰ ਤਪੱਸਿਆ ਕਰ ਰਿਹਾ ਸਾਂ ਤੇ ਮੇਰੀ ਆਤਮਾ ਪ੍ਰਭੂ ਵਿਚ ਲੀਨ ਹੋ ਗਈ ਸੀ। ਆਪ ਜੀ ਲਿਖਦੇ ਹਨ—

—ਅਬ ਮੈ ਅਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੋਹਿ ਆਨੋ॥
ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ॥੧॥
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ। ਪੰਡੁ ਰਾਜ ਜਹ ਜੋਗ ਕਮਾਵਾ॥
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾਕਾਲ ਕਾਲਿਕਾ ਅਰਾਧੀ॥੨॥
ਇਹ ਬਿਧਿ ਕਰਤ ਤਪੱਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ॥

(ਦਸਮ ਗ੍ਰੰਥ, ਪੰਨਾ ੫੪)

ਆਪ ਜੀ ਅੱਗੇ ਲਿਖਦੇ ਹਨ ਕਿ ਮੇਰਾ ਚਿਤ ਸੰਸਾਰ ਵਿਚ ਆਉਣ ਨੂੰ ਨਹੀਂ ਕਰਦਾ ਸੀ ਕਿਉਂਕਿ ਮੇਰੀ ਸੁਰਤ ਪ੍ਰਭੂ ਚਰਨਾਂ ਵਿਚ ਜੁੜੀ ਅਨੰਦ ਮਾਣ ਰਹੀ ਸੀ। ਪਰ ਪ੍ਰਭੂ ਨੇ ਆਪਣਾ ਆਦੇਸ਼ ਦੇ ਕੇ ਮੈਨੂੰ ਇਸ ਸੰਸਾਰ ਵਿਚ ਭੇਜਿਆ। ਆਪ ਜੀ ਦੇ ਸ਼ਬਦਾਂ ਵਿਚ—

— ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸ੍ਰੁਤਿ ਪ੍ਰਭ ਚਰਨਨ ਮਹ॥



Digitized by Panjab Digital Library | www.panjabdigilib.org

ਜਿਉ ਤਿਉ ਪ੍ਰਭ ਹਮ ਕੋ ਸਮਝਾਯੋ ।
ਇਹ ਕਹਿ ਕੇ ਇਹ ਲੋਕ ਪਠਾਯੋ ॥੫॥ (ਦਸਮ ਗ੍ਰੰਥ, ਪੰਨਾ ੫੫)

ਪ੍ਰਭੂ ਨੇ ਗੁਰੂ ਜੀ ਨੂੰ ਕੀ ਸਮਝਾ ਕੇ ਸੰਸਾਰ ਵਲ ਭੇਜਿਆ, ਪ੍ਰਭੂ ਨੇ ਕੀ ਸਮਝਾਇਆ, ਕੀ ਉਪਦੇਸ਼ ਦਿੱਤਾ ? ਇਸ ਬਾਰੇ ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਨੇ ਮੈਨੂੰ ਧਰਮ ਚਲਾਉਣ ਤੇ ਅਧਰਮ ਦੀਆਂ ਜੜ੍ਹਾਂ ਪੁਟਣ ਲਈ ਭੇਜਿਆ । ਆਪ ਜੀ ਲਿਖਦੇ ਹਨ—

— ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ।
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ (ਦਸਮ ਗ੍ਰੰਥ, ਪੰਨਾ ੫੭)

ਹੁਣ ਸਵਾਲ ਇਹ ਸੀ ਕਿ ਕਿਹੜਾ ਗਰਭ ਚੁਣਿਆ ਜਾਏ, ਕਿਦਾਂ ਦੇ ਮਾਂ-ਪਿਉ ਦੇ ਘਰ ਜਨਮ ਲਿਆ ਜਾਏ । ਆਮ ਮਨੁੱਖ ਲਈ ਮਾਂ-ਪਿਉ ਚੁਨਣ ਦੀ ਖੁਲ੍ਹ ਨਹੀਂ ਹੁੰਦੀ । ਇਸ ਦਾ ਮੁਖ ਕਾਰਣ ਇਹ ਹੁੰਦਾ ਹੈ ਕਿ ਮਨੁੱਖ ਕਾਮਨਾਵਾਂ ਦੀ ਪੂਰਤੀ ਦੇ ਸੁਪਨੇ ਦੇਖਦੇ-ਦੇਖਦੇ ਮਰ ਜਾਂਦਾ ਹੈ ਤੇ ਇਨ੍ਹਾਂ ਅਧੂਰੀਆਂ ਕਾਮਨਾਵਾਂ ਨੂੰ ਜਾਰੀ ਰੱਖਣ ਲਈ ਕਿਤੇ ਵੀ ਜਨਮ ਲੈ ਲੈਂਦਾ ਹੈ । ਇਹੀ ਕਾਰਣ ਹੈ ਕਿ ਕਾਮਨਾ-ਗ੍ਰਸਤ ਮਨੁੱਖ ਕਿਸੇ ਦੇ ਵੀ ਘਰ ਜਨਮ ਲੈ ਸਕਦਾ ਹੈ । ਇੱਦਾਂ ਦਾ ਆਦਮੀ ਬੇਹੋਸ਼ੀ ਵਿਚ ਮਰਦਾ ਹੈ ਤੇ ਬੇਹੋਸ਼ੀ ਵਿਚ ਹੀ ਜਨਮ ਲੈ ਲੈਂਦਾ ਹੈ । ਉਸ ਨੂੰ ਕੁਝ ਪਤਾ ਨਹੀਂ ਹੁੰਦਾ ਕਿ ਕਿਥੇ ਜਾ ਰਿਹਾ ਹੈ ਤੇ ਕਿਥੋਂ ਆ ਰਿਹਾ ਹੈ । ਅਸਲ ਵਿਚ ਮਨੁੱਖ ਦਾ ਸਾਰਾ ਗਿਆਨ ਤੇ ਸਾਰਾ ਅਨੁਭਵ ਬਾਹਰ ਦਾ ਹੈ । ਉਸ ਨੂੰ ਸਰੀਰ ਦਾ ਪਤਾ ਹੈ, ਕਟੰਬ ਦਾ ਪਤਾ ਹੈ, ਪਦ-ਪਦਵੀ ਦਾ ਪਤਾ ਹੈ । ਪਰ ਇਹ ਸਭ ਇਥੇ ਹੀ ਰਹਿ ਜਾਂਦੇ ਹਨ । ਮਰਨ ਸਮੇਂ ਜੋ ਨਾਲ ਜਾਂਦਾ ਹੈ ਉਸ ਦਾ ਮਨੁੱਖ ਨੂੰ ਕੋਈ



Digitized by Panjab Digital Library | www.panjabdigilib.org

ਗਿਆਨ ਨਹੀਂ ਹੁੰਦਾ ਤੇ ਜਿਸ ਦਾ ਗਿਆਨ ਹੁੰਦਾ ਹੈ, ਉਹ ਹੱਥੋਂ ਛੁਟੀ ਜਾਂਦਾ ਹੈ। ਇਸ ਦੁਖ ਤੇ ਡਰ ਦੇ ਕਾਰਣ ਉਹ ਅੰਦਰੋਂ ਬੇਹੋਸ਼ ਹੋ ਜਾਂਦਾ ਹੈ, ਭਾਵੇਂ ਬਾਹਰੋਂ ਉਹ ਠੀਕ ਲੱਗਦਾ ਹੈ। ਬੇਹੋਸ਼ੀ ਦੀ ਹਾਲਤ ਵਿਚ ਉਹ ਮਰ ਜਾਂਦਾ ਹੈ ਤੇ ਮੁੜ ਜੰਮ ਪੈਂਦਾ ਹੈ। ਸਾਡੇ ਦੇਸ਼ ਵਿਚ ਕਰੀਬਨ ਹਰ ਇਕ ਸੈਕੰਡ ਵਿਚ ਇਕ ਬੱਚਾ ਪੈਦਾ ਹੁੰਦਾ ਹੈ। ਇਸ ਲਈ ਨਵੇਂ ਗਰਭ ਵਿਚ ਆਉਣ ਲਈ ਬਹੁਤੀ ਦੇਰ ਨਹੀਂ ਲੱਗਦੀ— ਇਧਰ ਮਰਿਆ ਤੇ ਉਧਰ ਜੰਮਿਆ। ਪਰ ਜਾਗਦੀ ਆਤਮਾ ਨੂੰ ਆਪਣੇ ਗਰਭ ਚੁਨਣ ਦੀ ਆਜ਼ਾਦੀ ਹੁੰਦੀ ਹੈ। ਬਲਕਿ ਗੁਰੂ ਗੋਬਿੰਦ ਸਿੰਘ ਜੀ ਲਈ ਗਰਭ ਦੀ ਚੋਣ ਪ੍ਰਭੂ ਨੇ ਆਪ ਹੀ ਕੀਤੀ। ਗੁਰੂ ਜੀ ਲਿਖਦੇ ਹਨ ਕਿ ਮੇਰੇ ਭਾਵੀ ਮਾਤਾ-ਪਿਤਾ (ਮਾਤਾ ਗੁਜਰੀ ਤੇ ਗੁਰੂ ਤੇਗ ਬਹਾਦਰ ਜੀ) ਨੇ ਬਹੁਤ ਭਾਰੀ ਜੋਗ ਸਾਧਨਾ ਤੇ ਪ੍ਰਭੂ ਦੀ ਸੇਵਾ ਕੀਤੀ ਸੀ। ਉਨ੍ਹਾਂ ਦੀ ਸੇਵਾ-ਭਗਤੀ ਤੋਂ ਖੁਸ਼ ਹੋ ਕੇ ਪ੍ਰਭੂ ਨੇ ਮੈਨੂੰ ਆਗਿਆ ਕੀਤੀ ਕਿ ਮੈਂ ਉਨ੍ਹਾਂ ਦੇ ਘਰ ਜਨਮ ਲਵਾਂ—

— ਤਾਤ ਮਾਤ ਮੁਰ ਅਲਖ ਅਰਾਧਾ ॥
ਬਹੁ ਬਿਧਿ ਜੋਗ ਸਾਧਨਾ ਸਾਧਾ ॥੩॥
ਤਿਨ ਜੋ ਕਰੀ ਅਲਖ ਕੀ ਸੇਵਾ ॥
ਤਾ ਤੇ ਭਏ ਪ੍ਰਸੰਨ ਗੁਰਦੇਵਾ ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥
ਤਬ ਹਮ ਜਨਮ ਕਲੂ ਮਹਿ ਲੀਆ ॥੪॥ (ਦਸਮ ਗ੍ਰੰਥ, ਪੰਨਾ ੫੫)

ਗੁਰੂ ਜੀ ਅੱਗੇ ਲਿਖਦੇ ਹਨ ਕਿ ਉਸ ਵੇਲੇ ਮੇਰੇ ਪਿਤਾ ਜੀ ਤ੍ਰਿਬੇਣੀ ਨਗਰ ਵਿਚ ਸਨ। ਇਸ ਸਥਾਨ ਨੂੰ ਪ੍ਰਯਾਗ ਜਾਂ ਅਲਾਹਬਾਦ ਵੀ ਕਹਿੰਦੇ ਹਨ। ਇਸ ਦਾ ਨਾਂ ਤ੍ਰਿਬੇਣੀ ਇਸ ਕਰ ਕੇ ਹੈ ਕਿਉਂਕਿ ਇਥੇ ਤਿੰਨ ਨਦੀਆਂ, ਗੰਗਾ, ਜਮਨਾ ਤੇ ਸਰਸਵਤੀ (ਗੁਪਤ) ਦਾ ਮਿਲਣ ਹੁੰਦਾ ਹੈ। ਹਿੰਦੂ ਧਰਮ ਵਿਚ ਇਹ ਸਥਾਨ ਮਹਾਨ ਤੀਰਥ ਮੰਨਿਆ ਜਾਂਦਾ ਹੈ। ਆਪ ਜੀ ਨੇ ਦੇਖਿਆ ਕਿ ਆਪ ਜੀ ਦੇ ਭਾਵੀ ਪਿਤਾ ਜੀ ਧਰਮ ਪ੍ਰਚਾਰ ਵਿਚ ਲੱਗੇ ਹੋਏ ਹਨ। ਮਾਤਾ ਜੀ ਗੁਰੂ ਜੀ ਦੀ ਤੇ ਸੰਗਤਾਂ ਦੀ ਸੇਵਾ ਵਿਚ ਲੱਗੇ ਹੋਏ ਹਨ। ਗੁਰੂ ਜੀ ਦੁਖੀਆਂ ਦਾ ਦੁਖ ਦੂਰ ਕਰ ਰਹੇ ਹਨ ਤੇ ਗਰੀਬਾਂ ਤੇ ਲੋੜਵੰਦਾਂ ਨੂੰ ਮਾਇਕ ਸਹਾਇਤਾ ਦੇ ਰਹੇ ਹਨ। ਇਕ



Digitized by Panjab Digital Library | www.panjabdigilib.org

ਪਾਸੇ ਸੰਗਤ ਮਾਇਆ ਭੇਂਟ ਕਰ ਰਹੀ ਹੈ ਤੇ ਦੂਸਰੇ ਪਾਸੇ ਗੁਰੂ ਜੀ ਇਹ ਮਾਇਆ ਲੋੜਵੰਦਾਂ ਨੂੰ ਦਾਨ ਦੇ ਰਹੇ ਹਨ। ਆਪ ਜੀ ਨੇ ਇਹ ਵੀ ਦੇਖਿਆ ਕਿ ਆਪ ਜੀ ਦੀ ਮਾਤਾ ਦੀ ਉਮਰ ੪੫ ਸਾਲ ਦੇ ਕਰੀਬ ਹੈ ਤੇ ਕੋਈ ਔਲਾਦ ਨਹੀਂ ਪਰ ਉਨ੍ਹਾਂ ਨੂੰ ਇਸ ਘਾਟ ਦਾ ਕੋਈ ਦੁਖ ਪ੍ਰਤੀਤ ਨਹੀਂ ਹੁੰਦਾ। ਲੱਗਦਾ ਸੀ ਕਿ ਮਾਤਾ ਜੀ ਨੇ ਗੁਰੂ ਉਪਦੇਸ਼ "ਸੁਖੁ ਦੁਖੁ ਦੋਨੋ ਸਮ ਕਰਿ ਜਾਨੈ" ਨੂੰ ਆਪਣੀ ਜੀਵਨ ਜਾਚ ਬਣਾ ਲਿਆ ਸੀ। ਆਪ ਜੀ ਨੇ ਵਿਚਾਰਿਆ ਕਿ ਇੱਦਾਂ ਦੇ ਮਹਾਨ ਮਾਂ-ਪਿਉ ਦੇ ਘਰ ਜਨਮ ਲੈਣ ਨਾਲ ਆਪ ਦਾ ਜੀਵਨ ਉਦੇਸ਼ (ਅਧਰਮ ਦਾ ਨਾਸ਼ ਕਰਨਾ) ਸਫਲ ਹੋਏਗਾ। ਇਸ ਲਈ ਆਪ ਜੀ ਨੇ ਇਸ ਪਵਿੱਤਰ ਸ਼ਹਿਰ ਤ੍ਰਿਬੇਣੀ ਵਿਚ ਗਰਭ ਵਿਚ ਵਾਸਾ ਕੀਤਾ ਤੇ ਪਟਨੇ ਸ਼ਹਿਰ (ਬਿਹਾਰ ਪ੍ਰਾਂਤ ਦੀ ਰਾਜਧਾਨੀ) ਵਿਚ ੨੨ ਦਸੰਬਰ ੧੬੬੬ ਨੂੰ ਜਨਮ ਲਿਆ। ਆਪ ਜੀ ਲਿਖਦੇ ਹਨ—

— ਮੁਰ ਪਿਤ ਪੂਰਬ ਕੀਯਸਿ ਪਯਾਨਾ ॥
ਭਾਂਤਿ ਭਾਂਤਿ ਕੇ ਤੀਰਥਿ ਨ੍ਹਾਨਾ ॥
ਜਬ ਹੀ ਜਾਤ ਤ੍ਰਿਬੇਣੀ ਭਏ ॥
ਪੁਨ ਦਾਨ ਦਿਨ ਕਰਤ ਬਿਤਏ ॥੧॥
ਤਹੀ ਪ੍ਰਕਾਸ ਹਮਾਰਾ ਭਯੋ ॥
ਪਟਨਾ ਸਹਰ ਬਿਖੈ ਭਵ ਲਯੋ ॥ (ਦਸਮ ਗ੍ਰੰਥ, ਪੰਨਾ ੫੯)

ਇਹ ਗੱਲ ਚੇਤੇ ਰਹੇ ਕਿ ਗੁਰੂ ਤੇਗ ਬਹਾਦਰ ਜੀ ਧਰਮ ਪ੍ਰਚਾਰ ਲਈ ਦੇਸ਼ ਭਰ ਦਾ ਦੌਰਾ ਕਰ ਰਹੇ ਸਨ। ਆਪ ਜੀ ਨੇ ਪੰਜਾਬ, ਮੌਜੂਦਾ ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਉੜੀਸਾ, ਬੰਗਾਲ, ਮੌਜੂਦਾ ਬੰਗਲਾ ਦੇਸ ਤੇ ਆਸਾਮ ਦਾ ਦੌਰਾ ਕੀਤਾ। ਆਪਣੀ ਪਤਨੀ (ਗੁਜਰੀ ਜੀ) ਨੂੰ ਗੁਰੂ ਜੀ ਪਟਨਾ ਛੱਡ ਕੇ ਅੱਗੇ ਚਲੇ ਗਏ ਸਨ। ਆਪ ਜੀ ਦੇ ਜਨਮ ਸਮੇਂ ਗੁਰੂ ਜੀ ਉੱਥੇ ਨਹੀਂ ਸਨ। ਗੁਰੂ ਜੀ ਪੰਜ ਸਾਲਾਂ ਬਾਅਦ ਮੁੜੇ ਤੇ ਆਪਣੇ ਮਹਿਲ ਤੇ ਬਾਲਕ ਨੂੰ ਅਨੰਦਪੁਰ ਸਾਹਿਬ (ਮਦ੍ਰ ਦੇਸ਼ ਯਾਨੀ ਪੰਜਾਬ) ਬੁਲਾਇਆ। ਇਥੇ ਆਪ ਜੀ ਨੇ ਆਪਣੇ ਪਿਤਾ ਜੀ ਦੀ ਅਗਵਾਈ ਵਿਚ ਸਿਮਰਨ ਕੀਤਾ, ਸੇਵਾ ਕੀਤੀ, ਵਿਦਿਆ ਲਈ ਤੇ ਸ਼ਸਤਰ ਚਲਾਉਣੇ ਸਿਖੇ। ਛੋਟੀ ਉਮਰ ਵਿਚ ਹੀ ਆਪ ਜੀ ਕਲਮ ਤੇ ਤਲਵਾਰ ਦੋਹਾਂ ਦੇ



Digitized by Panjab Digital Library | www.panjabdigilib.org

ਧਨੀ ਹੋ ਗਏ । ਆਪ ਜੀ ਨੇ ਹਿੰਦੀ, ਬ੍ਰਿਜੀ, ਉਰਦੂ, ਫ਼ਾਰਸੀ ਤੇ ਸੰਸਕ੍ਰਿਤ ਭਾਸ਼ਾਵਾਂ ਵਿਚ ਨਿਪੁੰਨਤਾ ਹਾਸਲ ਕੀਤੀ । ਆਪ ਜੀ ਘੋੜ-ਸਵਾਰੀ, ਤੀਰ-ਅੰਦਾਜ਼ੀ, ਤੇਗ-ਵਾਹੀ ਤੇ ਨੇਜ਼ਾ-ਬਾਜ਼ੀ ਵਿਚ ਲਾਸਾਨੀ ਸਨ । ਉਸ ਵੇਲੇ ਆਪ ਜੀ ਦੀ ਉਮਰ ੯ ਸਾਲ ਦੀ ਸੀ ਕਿ ਆਪ ਜੀ ਦੇ ਪਿਤਾ ਦੇਵ ਲੋਕ ਸਿਧਾਰ ਗਏ । ਆਪ ਜੀ ਦੇ ਸ਼ਬਦਾਂ ਵਿਚ—

— ਮਦ੍ਰ ਦੇਸ ਹਮ ਕੋ ਲੇ ਆਏ ।<br>
ਭਾਂਤਿ ਭਾਂਤਿ ਦਾਈਅਨਿ ਦੁਲਰਾਏ ॥੨॥<br>
ਕੀਨੀ ਅਨਿਕ ਭਾਂਤਿ ਤਨ ਰੱਛਾ ।<br>
ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥<br>
ਜਬ ਹਮ ਧਰਮ ਕਰਮ ਮੋ ਆਏ ।<br>
ਦੇਵ ਲੋਕ ਤਬ ਪਿਤਾ ਸਿਧਾਏ ॥੩॥ (ਦਸਮ ਗ੍ਰੰਥ, ਪੰਨਾ ੫੯)

ੇ੦ੇ੦ੇ੦



Digitized by Panjab Digital Library | www.panjabdigilib.org

੨

# ਪਿਤਾ ਦੀ ਸ਼ਹਾਦਤ

ਆਪ ਜੀ ਦੇ ਪਿਤਾ ਕਿਨ੍ਹਾਂ ਹਾਲਾਤ ਵਿਚ ਦੇਵ ਲੋਕ ਪਧਾਰੇ ? ਵਕਤ ਦੀ ਮੁਗ਼ਲ ਹਕੂਮਤ ਹਿੰਦੂਆਂ ਤੇ ਬਹੁਤ ਜ਼ੁਲਮ ਢਾਹ ਰਹੀ ਸੀ। ਉਨ੍ਹਾਂ ਨੂੰ ਜਬਰਨ ਸਰਕਾਰੀ ਧਰਮ ਕਬੂਲਣ ਲਈ ਕਿਹਾ ਜਾ ਰਿਹਾ ਸੀ, ਉਨ੍ਹਾਂ ਦੇ ਧਰਮ ਸਥਾਨ ਢਾਏ ਜਾ ਰਹੇ ਸਨ ਤੇ ਉਨ੍ਹਾਂ ਦੇ ਧਰਮ-ਕਰਮ ਵਿਚ ਨਾ-ਜਾਇਜ਼ ਰੋਕ-ਟੋਕ ਕੀਤੀ ਜਾ ਰਹੀ ਸੀ। ਇਸ ਰਾਜ ਵਿਚ ਆਪਣੀ ਜਾਨ ਤੇ ਧੀ-ਭੈਣ ਦੀ ਆਬਰੂ ਬਚਾਣੀ ਮੁਸ਼ਕਿਲ ਹੁੰਦੀ ਜਾ ਰਹੀ ਸੀ। ਹਕੂਮਤ ਨੇ ਕਸ਼ਮੀਰ (ਜਿਸ ਨੂੰ ਸਾਡੇ ਦੇਸ਼ ਦਾ ਸਵਰਗ ਕਰ ਕੇ ਕਿਹਾ ਜਾਂਦਾ ਹੈ) ਦੇ ਪੰਡਤਾਂ ਨੂੰ ੧੫ ਦਿਨ ਦਾ ਸਮਾਂ ਦਿੱਤਾ ਸੀ ਕਿ ਉਹ ਜਾਂ ਤਾਂ ਆਪਣੀ ਮਰਜ਼ੀ ਨਾਲ ਹਕੂਮਤ ਦੇ ਧਰਮ ਵਿਚ ਸ਼ਾਮਲ ਹੋ ਜਾਣ ਨਹੀਂ ਤਾਂ ਉਨ੍ਹਾਂ ਨੂੰ ਜ਼ਬਰਦਸਤੀ ਇੱਦਾਂ ਕਰਨ ਲਈ ਮਜਬੂਰ ਕੀਤਾ ਜਾਏਗਾ। ਇਹ ਕਮਜ਼ੋਰ ਤੇ ਬੇਬਸ ਪੰਡਿਤ ਕਿਥੇ ਜਾਣ ? ਕੌਣ ਇਨ੍ਹਾਂ ਦੀ ਰਾਖੀ ਕਰੇ ?

ਉਸ ਸਮੇਂ ਨਾਨਕ ਦੀ ਗੱਦੀ ਹੀ ਐਸੀ ਸੀ ਜਿਹੜੀ ਮੁਗ਼ਲ ਹਕੂਮਤ ਦੇ ਜ਼ੁਲਮ ਦੇ ਖਿਲਾਫ ਆਵਾਜ਼ ਉਠਾਂਦੀ ਰਹਿੰਦੀ ਸੀ ਤੇ ਜ਼ੋਰ ਜ਼ਬਰਦਸਤੀ ਦਾ ਵਿਰੋਧ ਕਰਦੀ ਰਹਿੰਦੀ ਸੀ। ਇਸ ਆਵਾਜ਼ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੇ ਲਹੂ ਨਾਲ ਬੁਲੰਦ ਕੀਤਾ ਸੀ। ਸੁਭਾਵਕ ਸੀ ਕਿ ਇਨ੍ਹਾਂ ਦੀਨ ਦੁਖੀਆਂ ਨੇ ਨਾਨਕ ਦੇ ਘਰ ਦੀ ਸ਼ਰਨ ਲਈ ਤੇ ਨੌਵੇਂ ਨਾਨਕ, ਗੁਰੂ ਤੇਗ ਬਹਾਦਰ ਜੀ ਅੱਗੇ ਜਾ ਫਰਿਆਦੀ ਹੋਏ। ਆਪ ਜੀ ਨੇ ਸਾਰੀ ਦੁਖਿਦ ਦਾਸਤਾਨ ਸੁਣ ਕੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਮੁਗ਼ਲ ਹਕੂਮਤ ਦੀ ਆਤਮਾ ਨੂੰ ਜਗਾਉਣ ਲਈ ਕੋਈ ਮਹਾਨ ਆਤਮਾ



Digitized by Panjab Digital Library | www.panjabdigilib.org

ਆਪਣਾ ਬਲੀਦਾਨ ਦੇਵੇ—"ਤਬ ਸਤਿਗੁਰ ਇਵ ਮਨ ਠਹਿਰਾਈ । ਬਿਨ ਸਿਰ ਦੀਏ ਜਗਤ ਦੁਖ ਪਾਈ ।" ਆਪ ਜੀ ਨੇ ਫਰਿਆਦੀ ਕਸ਼ਮੀਰੀ ਪੰਡਿਤਾਂ ਨੂੰ ਕਿਹਾ, "ਇਸ ਕੰਮ ਲਈ ਕਿਸੀ ਮਹਾਨ ਆਤਮਾ ਦੇ ਬਲੀਦਾਨ ਦੀ ਲੋੜ ਹੈ ।" ੯ ਸਾਲ ਦੇ ਬਾਲਕ (ਗੁਰੂ) ਗੋਬਿੰਦ ਸਿੰਘ ਜੀ ਨੇ ਕਿਹਾ, "ਪਿਤਾ ਜੀ, ਆਪ ਤੋਂ ਵੱਡੀ ਹੋਰ ਮਹਾਨ ਆਤਮਾ ਕਿਹੜੀ ਹੋਏਗੀ ?" ਨੌਵੇਂ ਗੁਰੂ ਜੀ ਜਾਣਦੇ ਸਨ ਤੇ ਬਾਲਕ ਵੀ ਜਾਣਦਾ ਸੀ ਕਿ ਕੀ ਭਾਣਾ ਵਰਤਣਾ ਹੈ । ਗੱਲ ਬਾਤ ਸਿਰਫ ਆਇਆਂ ਫਰਿਆਦੀ ਪੰਡਿਤਾਂ ਦੀ ਜਾਣਕਾਰੀ ਲਈ ਕਹੀ ਗਈ ਸੀ । ਗੱਲ ਦਾ ਮੁੱਦਾ ਇਹ ਸੀ ਕਿ ਜੇ ਗੁਰੂ ਜੀ ਨੂੰ ਕੁਝ ਹੋ ਗਿਆ ਤਾਂ ਵੀ ਉਨ੍ਹਾਂ ਦੀ ਅਗਵਾਈ ਇਕ ਐਸੇ ਨਿਰਭਉ ਬਾਲਕ ਕੋਲ ਹੋਏਗੀ ਜਿਹੜਾ ਆਪ ਆਪਣੇ ਪਿਤਾ ਦਾ ਬਲੀਦਾਨ ਮੰਗਣ ਦੀ ਹਿੰਮਤ ਰੱਖਦਾ ਹੈ ।

ਗੁਰੂ ਜੀ ਆਪ ਦਿੱਲੀ ਪਹੁੰਚੇ ਤੇ ਹਾਕਮਾਂ ਨੂੰ ਸਮਝਾਇਆ, "ਸਾਰੇ ਧਰਮ ਸੱਚੇ ਹਨ, ਪ੍ਰਭੂ ਪ੍ਰਾਪਤੀ ਦਾ ਰਾਹ ਦਰਸਾਉਂਦੇ ਹਨ, ਕਿਸੇ ਨੂੰ ਜ਼ੋਰ ਨਾਲ ਧਰਮ ਛੱਡਣ ਲਈ ਮਜਬੂਰ ਕਰਨਾ ਅਧਰਮ ਹੈ ਤੇ ਕੋਈ ਵੀ ਧਰਮ ਇਸ ਦੀ ਆਗਿਆ ਨਹੀਂ ਦੇਂਦਾ ।" ਪਰ ਅਧਰਮ ਤੇ ਅਨਿਆਏ ਦੇ ਨਸ਼ੇ ਵਿਚ ਧੁੱਤ ਹਾਕਮ ਕਦੋਂ ਧਰਮ ਦੀ ਗੱਲ ਸੁਣਦੇ ਹਨ । ਉਨ੍ਹਾਂ ਅਨੁਸਾਰ ਗੈਰ-ਧਰਮੀਆਂ ਨੂੰ ਆਪਣੇ ਧਰਮ ਵਿਚ ਮਿਲਾਣਾ ਹੀ ਧਰਮ ਹੈ । ਪਰ ਗੁਰੂ ਜੀ ਨੇ ਸਰਕਾਰੀ ਧਰਮ ਕਬੂਲਣ ਤੋਂ ਇਨਕਾਰ ਕਰ ਦਿੱਤਾ । ਇਸ ਲਈ ਸਜ਼ਾ ਵਜੋਂ ਆਪ ਜੀ ਨੂੰ ਮੌਤ ਦਾ ਹੁਕਮ ਦਿੱਤਾ ਗਿਆ । ਦਿੱਲੀ ਦੇ ਚਾਂਦਨੀ ਚੌਕ ਬਾਜ਼ਾਰ ਵਿਚ ੧੧ ਨਵੰਬਰ ੧੬੭੫ ਨੂੰ ਆਪ ਜੀ ਦਾ ਸਿਰ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ । ਹਿੰਦੂਆਂ ਦੇ ਧਾਰਮਿਕ ਚਿੰਨ੍ਹ, ਤਿਲਕ ਤੇ ਜਨੇਊ, ਦੀ ਰੱਖਿਆ ਲਈ ਗੁਰੂ ਜੀ ਨੇ ਆਪਾ ਵਾਰ ਦਿੱਤਾ । ਇਸ ਖੌਫਨਾਕ ਤੇ ਵਹਿਸ਼ਿਆਨਾ ਕਤਲ ਦਾ ਜ਼ਿਕਰ ਕਰਦੇ ਹੋਏ ਆਪ ਜੀ ਲਿਖਦੇ ਹਨ ਕਿ ਮੇਰੇ ਪਿਤਾ ਜੀ ਨੇ ਆਪਣਾ ਸਰੀਰ ਰੂਪੀ ਠੀਕਰਾ ਦਿੱਲੀ ਦੇ ਰਾਜੇ ਦੇ ਸਿਰ ਉਪਰ ਦੇ ਮਾਰਿਆ ਤੇ ਪ੍ਰਭੂ ਦੀ ਸ਼ਰਨ ਵਿਚ ਚਲੇ ਗਏ, ਕਿ ਆਪ ਜੀ ਨੇ ਸਰੀਰ ਤਿਆਗ ਦਿੱਤਾ ਪਰ ਆਪਣਾ ਸਿਰਰ (ਵਹਿਦਾ) ਨਹੀਂ ਤਿਆਗਿਆ । ਫਲਸੂਰਪ ਸੰਸਾਰ ਭਰ ਵਿਚ ਔਰੰਗੇ (ਔਰੰਗਜ਼ੇਬ) ਲਈ ਹਾਏ ਹਾਏ ਹੋਈ ਤੇ ਗੁਰੂ ਜੀ ਲਈ ਦੇਵ ਲੋਕ ਵਿਚ ਜੈ-ਜੈ-ਜੈ । ਇਸ ਸਾਕੇ ਦਾ ਆਪ ਜੀ ਇੰਦਾਂ ਵਰਨਣ ਕਰਦੇ ਹਨ—



Digitized by Panjab Digital Library | www.panjabdigilib.org

— ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥੧੩॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥
ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਗ ॥
ਹੈ ਹੈ ਹੈ ਸਭ ਜਗ ਭਯੋ ਜੈ ਜ ਜੈ ਸੁਰ ਲੋਕ ॥੧੬॥

(ਦਸਮ ਗ੍ਰੰਥ, ਪੰਨਾ ੫੪)

○ ○ ○



Digitized by Panjab Digital Library | www.panjabdigilib.org

# ੩

# ਦੇਸ਼ ਦੀ ਹਾਲਤ

ਗੁਰੂ ਜੀ ਦੀ ਸ਼ਹਾਦਤ ਸਮੇਂ ਆਪ ਜੀ ਦੀ ਉਮਰ ਸਿਰਫ ੯ ਸਾਲ ਦੀ ਸੀ। ਆਪ ਜੀ ਨੇ ਦੇਖਿਆ ਕਿ ਇਕ ਪਾਸੇ ਮੁਗ਼ਲ ਹਕੂਮਤ ਹੈ ਜਿਹੜੀ ਪਿਆਰ ਦੀ ਭਾਸ਼ਾ ਸਮਝਣ ਨੂੰ ਤਿਆਰ ਨਹੀਂ, ਜਿਹੜੀ ਧਰਮ ਦੀ ਗੱਲ ਸੁਨਣ ਨੂੰ ਤਿਆਰ ਨਹੀਂ ਤੇ ਨਿਆਏ ਲਈ ਕੰਨ ਧਰਨ ਨੂੰ ਤਿਆਰ ਨਹੀਂ। ਅਹਿੰਸਾ ਤੇ ਪਿਆਰ ਦੀ ਗੱਲ ਦਾ ਇਸ ਹਕੂਮਤ ਉੱਪਰ ਕੋਈ ਅਸਰ ਨਹੀਂ ਹੁੰਦਾ, ਪਿਆਰ ਦੀ ਭਾਸ਼ਾ ਇਸ ਨੂੰ ਸਮਝ ਨਹੀਂ ਆਉਂਦੀ ਤੇ ਸੋਹਣੀ-ਸਾਂਤ-ਪਿਆਰੀ ਹਸਤੀ ਨੂੰ ਮਿਟਾਉਣ ਵਿਚ ਇਸ ਨੂੰ ਕੋਈ ਸੰਤਾਪ ਨਹੀਂ। ਦੂਸਰੇ ਪਾਸੇ ਸਾਡੇ ਦੇਸ ਵਾਸੀ ਹਨ ਜਿਹੜੇ ਜ਼ੁਲਮ ਸਹਿੰਦੇ ਹਨ ਪਰ ਕੁਸਕਦੇ ਨਹੀਂ, ਮਾਰ ਖਾਂਦੇ ਹਨ ਪਰ ਸੀ ਨਹੀਂ ਕਰਦੇ, ਗੁਲਾਮੀ ਦਾ ਜੀਵਨ ਜੀ ਸਕਦੇ ਹਨ ਪਰ ਇਸ ਦਾ ਵਿਰੋਧ ਨਹੀਂ ਕਰ ਸਕਦੇ। ਲੋਕੀਂ ਡਰੇ ਹੋਏ ਹਨ, ਸਹਿਮੇ ਹੋਏ ਹਨ, ਉਤਸਾਹਹੀਨ ਤੇ ਦਿਸ਼ਾਹੀਨ ਹਨ।

ਲੋਕੀਂ ਸ਼ਹਿਰਾਂ, ਦੇਸ਼ਾਂ ਤੇ ਪ੍ਰਾਂਤਾਂ ਵਿਚ ਵੰਡੇ ਹੋਏ ਹਨ। ਕੋਈ ਬੰਗਾਲੀ ਹੈ ਤੇ ਕੋਈ ਪੰਜਾਬੀ, ਕੋਈ ਮਗਧੀ ਹੈ ਤੇ ਕੋਈ ਬੁੰਧੇਲੀ, ਇਹ ਖਿੰਡੇ ਹੋਏ ਹਨ ਤੇ ਵੰਡੇ ਹੋਏ ਹਨ। ਇਨ੍ਹਾਂ ਵਿਚ 'ਏਕਾ-ਦੇਸ਼' ਦਾ ਵਿਚਾਰ ਨਹੀਂ। ਇਸ ਲਈ ਨਾ ਇਹ ਕੱਠੇ ਹੋ ਸਕਦੇ ਹਨ ਤੇ ਨਾ ਕੋਈ ਆਵਾਜ਼ ਉਠਾ ਸਕਦੇ ਹਨ। ਅੱਜ ਵੀ ਕੀ ਹਾਲਤ ਹੈ ? ਕੋਈ ਬੰਗਾਲੀ ਹੈ, ਕੋਈ ਮਦਰਾਸੀ ਤੇ ਕੋਈ ਪੰਜਾਬੀ। ਪਰ ਕੋਈ ਭਾਰਤੀ ਨਹੀਂ। ਮਹਾਰਾਸ਼ਟਰ ਵਾਲੇ ਪੰਜਾਬੀਆਂ ਨੂੰ ਤੇ ਦਖਣ-ਭਾਰਤੀਆਂ ਨੂੰ ਇਥੋਂ ਨਿਕਲ ਜਾਣ ਨੂੰ ਕਹਿੰਦੇ ਹਨ, ਅਸਾਮ ਵਾਲੇ ਮਾਰਵਾੜੀਆਂ ਨੂੰ ਤੇ ਬੰਗਾਲ



Digitized by Panjab Digital Library | www.panjabdigilib.org

ਵਾਲੇ ਬਿਹਾਰੀਆਂ ਨੂੰ ਨਹੀਂ ਸਹਿ ਸਕਦੇ। ਧਰਤੀ ਦੇ ਲਾਲ (Son of Soil) ਦੀ ਥੀਊਰੀ ਪ੍ਰਚਾਰੀ ਜਾ ਰਹੀ ਹੈ ਜਿਸ ਅਨੁਸਾਰ ਇਕ ਪ੍ਰਾਂਤ ਦਾ ਬੰਦਾ ਦੂਸਰੇ ਪ੍ਰਾਂਤ ਵਿਚ ਨਹੀਂ ਰਹਿ ਸਕਦਾ। ਇੱਦਾਂ ਦੇਸ਼ ਦੀ ਅਖੰਡਤਾ ਨੂੰ ਸਟ ਮਾਰੀ ਜਾ ਰਹੀ ਹੈ।

ਫਿਰ ਇਹ ਜਾਤਾਂ ਗੋਤਰਾਂ, ਮਜ਼ਬਾਂ, ਊਚ-ਨੀਚ, ਛੂਤ-ਅਛੂਤ, ਬ੍ਰਾਹਮਣ-ਖੱਤਰੀ, ਵੈਸ਼-ਸ਼ੂਦਰ ਵਿਚ ਵੰਡੇ ਹੋਏ ਹਨ। ਬ੍ਰਾਹਮਣਾਂ ਵਿਚ ਵੀ ਉੱਚੇ ਬ੍ਰਾਹਮਣ ਤੇ ਨੀਵੇਂ ਬ੍ਰਾਹਮਣ ਹਨ। ਚਤੁਰਵੇਦੀ ਆਪਣੇ ਆਪ ਨੂੰ ਦੂਸਰਿਆਂ ਬ੍ਰਾਹਮਣਾਂ ਨਾਲੋਂ ਉੱਚਾ ਸਮਝਦਾ ਹੈ ਕਿਉਂਕਿ ਉਸ ਦੇ ਬਜ਼ੁਰਗਾਂ ਨੇ ਕਦੀ ਚਾਰ ਵੇਦਾਂ ਦਾ ਗਿਆਨ ਹਾਸਲ ਕੀਤਾ ਸੀ। ਹੁਣ ਦੇ ਚਤੁਰਵੇਦੀ ਕਹਾਣ ਵਾਲੇ ਨੇ ਭਾਵੇਂ ਵੇਦ ਦੀ ਸ਼ਕਲ ਵੀ ਨਾ ਦੇਖੀ ਹੋਏ, ਪਰ ਫਿਰ ਵੀ ਉਹ ਆਪਣੇ ਆਪ ਨੂੰ ਦੁਵੇਦੀ ਦੇ ਉੱਪਰ ਸਮਝਦਾ ਹੈ, ਕਿਉਂਕਿ ਦੁਵੇਦੀ ਸਿਰਫ ਦੋ ਵੇਦਾਂ ਦਾ ਹੀ ਗਿਆਤਾ ਹੈ। ਛੋਟੀਆਂ ਜਾਤਾਂ ਵਿਚ ਵੀ ਕਈ ਵਿਤਕਰੇ ਹਨ। ਅੱਜ ਦੀ ਹਕੂਮਤ ਨੇ ਭਾਰਤੀਆਂ ਨੂੰ ਕਈ ਭਾਗਾਂ ਵਿਚ ਵੰਡ ਦਿੱਤਾ ਹੈ ਜਿੱਦਾਂ ਅਨੁਸੂਚਿਤ ਜਾਤੀ, ਅਨਸੂਚਿਤ ਜਨ ਜਾਤੀ, ਪਿਛੜੀ ਜਾਤੀ, ਸਮਾਜਿਕ, ਵਿਦਿਅਕ ਤੇ ਆਰਥਿਕ ਆਧਾਰ ਤੇ ਪਿਛੜਾ ਵਰਗ, ਆਦਿ। ਸਾਡੇ ਸੰਵਿਧਾਨ (Constitution) ਨੇ ਵੀ ਦੇਸ਼ ਵਾਸੀਆਂ ਨੂੰ ਬਹੁ-ਗਿਣਤੀ ਵਾਲਿਆਂ ਤੇ ਘੱਟ-ਗਿਣਤੀ ਵਾਲਿਆਂ ਵਿਚ ਵੰਡ ਦਿੱਤਾ ਹੈ। ਵੰਡ ਹੈ ਇਕੱਠ ਕੋਈ ਨਹੀਂ, ਅੰਸ਼ ਹੈ ਪੂਰਨ ਕੋਈ ਨਹੀਂ, ਜਾਤੀਆਂ ਹਨ ਪਰ ਮਨੁੱਖ ਕੋਈ ਨਹੀਂ। ਇਨ੍ਹਾਂ ਵਿਚ ਨਾ ਰੱਬ ਦੀ ਸਾਂਝ ਹੈ ਨਾ ਮਨੁੱਖਤਾ ਦੀ।

ਫਿਰ ਧਰਮ ਦੇ ਨਾਂ ਤੇ ਵੀ ਇਹ ਹਿੰਦੂ-ਮੁਸਲਮਾਨ, ਮੰਦਰ-ਮਸਜਿਦ, ਕੁਰਾਨ-ਪੁਰਾਨ ਵਿਚ ਵੰਡੇ ਹੋਏ ਹਨ। ਧਰਮ ਭੁਲ ਗਏ ਹਨ ਤੇ ਧਰਮ ਦੇ ਨਾਂ ਤੇ ਕਰਮ-ਕਾਂਡ ਨੂੰ ਆਪਣਾ ਧਰਮ ਸਮਝੇ ਬੈਠੇ ਹਨ। ਕੱਠੇ ਹੋ ਕੇ ਆਪਣੀ ਰੱਖਿਆ ਕਰਨ ਦਾ ਬਲ ਇਨ੍ਹਾਂ ਵਿਚ ਨਹੀਂ ਹੈ। ਇਹ ਚਾਹੁੰਦੇ ਹਨ ਕਿ ਕੋਈ ਪੀਰ-ਫਕੀਰ, ਕੋਈ ਦੇਵੀ-ਦੇਵਤਾ ਆ ਕੇ ਇਨ੍ਹਾਂ ਦੀ ਰੱਖਿਆ ਕਰੇ।

ਇਨ੍ਹਾਂ ਨੂੰ ਆਪਣੀ ਰੱਖਿਆ ਕਰਨ ਲਈ ਤਿਆਰ ਕਰਨ ਲਈ ਜ਼ਰੂਰੀ ਸੀ ਕਿ ਇਨ੍ਹਾਂ ਦਾ ਸਰੀਰਕ ਤੇ ਮਾਨਸਿਕ ਬਲ ਵਧਾਇਆ ਜਾਏ, ਇਨ੍ਹਾਂ ਦਾ ਸਵੈ-ਮਾਨ ਜਗਾਇਆ ਜਾਏ, ਇਨ੍ਹਾਂ ਦੀ ਗ਼ੈਰਤ ਨੂੰ ਵੰਗਾਰਿਆ ਜਾਏ। ਸ਼ਿਕਾਰ ਹੋਈ ਕੌਮ ਨੂੰ ਸ਼ਿਕਾਰੀ ਬਣਾਉਣਾ, ਆਪਣੀ ਰੱਖਿਆ ਆਪ ਕਰਨਾ, ਜ਼ੁਲਮ ਦੇ ਸਾਹਮਣੇ ਡੱਟ ਕੇ



Digitized by Panjab Digital Library | www.panjabdigilib.org

ਖਲੋਣਾ, ਸਿਖਾਇਆ ਜਾਏ । ਯਾਨੀ ਚਿੜੀਆਂ ਤੋਂ ਬਾਜ਼ ਬਣਾਇਆ ਜਾਏ ਤਾਂਕਿ ਇਹ ਅਧਰਮ ਦੇ ਵਿਰੁੱਧ ਲੜ ਸਕਣ ਤੇ ਹਰ ਪ੍ਰਕਾਰ ਦੇ ਅਨਿਆਏ—ਸਮਾਜਿਕ, ਧਾਰਮਿਕ, ਰਾਜਨੀਤਕ ਦਾ ਟਾਕਰਾ ਕਰ ਸਕਣ । ਪਰ ਇਹ ਤਾਂ ਹੀ ਮੁਮਕਿਨ ਸੀ ਜਦੋਂ ਇਹ ਸਾਰੇ ਭਾਸ਼ਾ, ਦੇਸ਼, ਪ੍ਰਾਂਤ ਦੀ ਵੰਡ ਨੂੰ ਭੁਲ ਕੇ ਇਕ-ਜੁਟ ਹੋ ਜਾਣ । ਗੁਰੂ ਜੀ ਨੇ ਸਮਝ ਲ਼ਿਆ ਸੀ ਕਿ ਦੇਸ਼ ਵਾਸੀਆਂ ਵਿਚ ਏਕਤਾ ਲਿਆਉਣੀ ਹੈ, ਕਿਉਂਕਿ ਇਸ ਦੇ ਬਿਨਾਂ ਅਧਰਮ ਮਿਟਾਉਣ ਤੇ ਧਰਮ ਬਚਾਉਣ ਦਾ ਯੁੱਧ ਸ਼ੁਰੂ ਨਹੀਂ ਹੋ ਸਕਦਾ ।

ਦੇਸ਼ ਦੇ ਭਾਗਾਂ ਨੂੰ ਜਾਂ ਪ੍ਰਾਂਤਾਂ ਨੂੰ ਦੋ ਤਰੀਕਿਆਂ ਨਾਲ ਇਕੱਠਾ ਕੀਤਾ ਜਾ ਸਕਦਾ ਹੈ—ਕਾਨੂੰਨ ਰਾਹੀਂ ਜਾਂ ਧਰਮ ਰਾਹੀਂ । ਆਪ ਜੀ ਜਾਣਦੇ ਸਨ ਕਿ ਲੋਕਾਂ ਜਾਂ ਪ੍ਰਾਂਤਾਂ ਨੂੰ ਕਾਨੂੰਨ ਰਾਹੀਂ ਜ਼ਿਆਦਾ ਦੇਰ ਤੱਕ ਇਕੱਠਾ ਨਹੀਂ ਰੱਖਿਆ ਜਾ ਸਕਦਾ, ਕਿਉਂਕਿ ਇਹ ਕਾਨੂੰਨ ਕਦੀਂ ਵੀ ਤੋੜਿਆ ਜਾ ਸਕਦਾ ਹੈ ਤੇ ਦੇਸ਼ ਫਿਰ ਖਿੰਡ-ਪੁੰਡ ਹੋ ਸਕਦਾ ਹੈ । ਦੁਨੀਆਂ ਦਾ ਇਤਿਹਾਸ ਦਸਦਾ ਹੈ ਕਿ ਗੁਰੂ ਜੀ ਕਿੰਨੀ ਦੂਰ ਤੱਕ ਦੇਖ ਸਕਦੇ ਸਨ । ਸਾਡਾ ਦੇਸ਼ ਹਿੰਦੁਸਤਾਨ, ਪਾਕਿਸਤਾਨ ਤੇ ਬੰਗਲਾ ਦੇਸ਼ ਵਿਚ ਵੰਡਿਆ ਗਿਆ, ਕਿਉਂਕਿ ਇਨ੍ਹਾਂ ਦੇ ਇਕੱਠ ਵਿਚ ਕੋਈ ਧਾਰਮਿਕ ਸਾਂਝ ਨਹੀਂ ਸੀ । ਹਾਲੀਂ ਵੀ ਸਾਡੇ ਦੇਸ਼ ਵਿਚ ਵੱਖ-ਵੱਖ ਹੋਣ ਦੀ ਆਵਾਜ਼ ਕਿਤੋਂ-ਨਾ-ਕਿਤੋਂ ਉਠਦੀ ਰਹਿੰਦੀ ਹੈ, ਕਿਉਂਕਿ ਸਾਡੀ ਸਾਂਝ ਕਾਨੂੰਨੀ ਹੈ । ਰੂਸ ਵਰਗਾ ਸ਼ਕਤੀਸ਼ਾਲੀ ਦੇਸ਼ ਟੋਟੇ-ਟੋਟੇ ਹੋ ਗਿਆ, ਕਿਉਂਕਿ ਇਨ੍ਹਾਂ ਦੀ ਸਾਂਝ ਕਾਨੂੰਨੀ ਆਧਾਰ ਤੇ ਸੀ । ਦੂਸਰੇ ਪਾਸੇ ਜਰਮਨੀ ਹੈ ਜਿਸ ਦੇ ਕਾਨੂੰਨੀ ਆਧਾਰ ਤੇ ਦੋ ਟੋਟੇ ਕਰ ਦਿੱਤੇ ਗਏ ਸਨ ਤੇ ਹੁਣ ਇਹ ਟੋਟੇ ਫਿਰ ਇਕੱਠੇ ਹੋ ਗਏ ਹਨ । ਯੂਰਪ ਦੇ ਦੇਸ਼ ਮੁੜ ਕਾਨੂੰਨੀ ਆਧਾਰ ਤੇ ਇਕੱਠੇ ਹੋਣ ਦੀ ਗੱਲ ਕਰ ਰਹੇ ਹਨ । ਕੋਈ ਨਹੀਂ ਕਹਿ ਸਕਦਾ ਕਿ ਇਹ ਸਾਂਝ ਕਿੰਨੀ ਦੇਰ ਰਹੇਗੀ । ਇਸ ਲਈ ਗੁਰੂ ਜੀ ਨੇ ਦੇਸ਼ ਨੂੰ ਇਕੱਠੇ ਰੱਖਣ ਲਈ ਧਰਮ ਨੂੰ ਆਧਾਰ ਬਣਾਇਆ । ਧਰਮ ਤੋਂ ਆਪ ਜੀ ਦਾ ਮਤਲਬ ਹਿੰਦੂ ਧਰਮ, ਮੁਸਲਮ ਧਰਮ ਨਹੀਂ ਸੀ । ਆਪ ਜੀ ਦਾ ਮਤਲਬ ਮਨੁੱਖਤਾ ਦੇ ਧਰਮ ਨਾਲ ਸੀ । ਇਸ ਸਰਬ-ਸਾਂਝੇ ਧਰਮ ਵਿਚ ਪਰੋਇਆ ਮਨੁੱਖ ਵੱਖ-ਵੱਖ ਹੋਣ ਦੀ ਗੱਲ ਨਹੀਂ ਕਰੇਗਾ । ਇਸ ਧਰਮ ਨੂੰ ਪ੍ਰਚਾਰਨ ਦੀ ਲੋੜ ਸੀ ।

○ ○ ○



Digitized by Panjab Digital Library | www.panjabdigilib.org

## ੪
# ਏਕਾ ਦੇਸ਼ ਦਾ ਪਹਿਲਾ ਉਪਦੇਸ਼

ਇਸ ਕਾਰਜ ਲਈ ਆਪ ਜੀ ਦਾ ਪਹਿਲਾ ਉਪਦੇਸ਼ ਸੀ: "ਏਕੁ ਪਿਤਾ ਏਕਸ ਕੇ ਹਮ ਬਾਰਕ।" ਆਪ ਜੀ ਨੇ ਏਕ-ਪਿਤਾ (Fatherhood of God) ਦਾ ਉਪਦੇਸ਼ ਦਿੱਤਾ। ਲੋਕਾਂ ਨੂੰ ਸਮਝਾਇਆ ਕਿ ਭਾਵੇਂ ਕੋਈ ਕਿਸੇ ਵੀ ਥਾਂ ਦਾ ਰਹਿਣ ਵਾਲਾ ਹੋਏ ਤੇ ਕੋਈ ਵੀ ਧਰਮ-ਕਰਮ ਕਰਦਾ ਹੋਵੇ, ਸਭ ਪ੍ਰਭੂ ਦੀ ਔਲਾਦ ਹਨ ਤੇ ਉਸ ਦੀ ਆਗਿਆ ਵਿਚ ਹੀ ਹਨ। ਉਸ ਪ੍ਰਭੂ ਨੂੰ ਧਿਆਵਨ ਨਾਲ ਸਭ ਦੇਸ਼ਾਂ ਨੂੰ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਹੁੰਦੇ ਹਨ। ਸਾਰਾ ਵਿਸ਼ਵ ਇਕ ਹੈ, ਸਾਰਾ ਜਗਤ ਇਕ ਹੈ, ਸਾਰਾ ਸੰਸਾਰ ਇਕ ਹੈ ਤੇ ਪ੍ਰਭੂ ਦੀ ਕਿਰਪਾ ਦਾ ਪਾਤਰ ਹੈ। ਪਰ ਗੁਰੂ ਜੀ ਦੇਖਦੇ ਹਨ ਕਿ ਸੰਸਾਰ ਦੇਸ਼ਾਂ ਵਿਚ ਵੰਡਿਆ ਹੋਇਆ ਹੈ, ਦੇਸ਼ ਪ੍ਰਾਂਤਾਂ ਵਿਚ ਤੇ ਪ੍ਰਾਂਤ ਬੋਲੀਆਂ ਦੇ ਆਧਾਰ ਤੇ ਟੁਟਾ ਹੋਇਆ ਹੈ। ਹਿੰਦੁਸਤਾਨੀ ਹਨ, ਚੀਨੀ ਹਨ, ਫਿਰੰਗੀ ਹਨ, ਪਰ ਮਨੁੱਖ ਕੋਈ ਨਹੀਂ। ਆਪ ਜੀ ਨੇ ਸਮਝਾਇਆ ਕਿ ਕੋਈ ਬੰਗਾਲੀ, ਨੇਪਾਲੀ, ਚੀਨੀ ਨਹੀਂ। ਸਭ ਇਕੋ ਹਨ। ਆਪ ਜੀ ਲਿਖਦੇ ਹਨ—

—ਬੰਗ ਕੇ ਬੰਗਾਲੀ ਫਿਰਗ ਕੇ ਫਿਰੰਗਾ ਵਾਲੀ
ਦਿਲੀ ਕੇ ਦਿਲਵਾਲੀ ਤੇਰੀ ਆਗਿਆ ਮੈ ਚਲਤ ਹੈਂ॥
ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ
ਬੰਗਸੀ ਬੁੰਦੇਲੇ ਪਾਪ ਪੁੰਨ ਕੋ ਮਲਤ ਹੈਂ॥
ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਯਾਵੈ
ਤਿੱਬਤੀ ਧਿਆਇ ਦੋਖ ਦੇਹ ਕੋ ਦਲਤ ਹੈਂ॥



Digitized by Panjab Digital Library | www.panjabdigilib.org

ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ ਫਲ ਫੂਲ ਸੋਂ ਫਲਤ ਹੈਂ ॥੩॥੨੫੫॥

(ਦਸਮ ਗ੍ਰੰਥ, ਪੰਨਾ ੩੬)

ਸੰਸਾਰ ਇਕ ਹੈ, ਸੰਸਾਰ ਵਾਸੀ ਇਕ ਹਨ। ਇੱਦਾਂ ਹੀ ਸਾਡਾ ਦੇਸ਼ ਇਕ ਹੈ, ਸਾਡੇ ਦੇਸ਼ ਵਾਸੀ ਇਕ ਹਨ। ਅਸੀਂ ਸਭ ਇਕੋ ਪਿਤਾ ਦੀ ਸੰਤਾਨ ਹਾਂ। ਸਾਡੇ ਦੇਸ਼ ਵਾਸੀਆਂ ਨੇ 'ਏਕਸ ਪਿਤਾ' ਦੇ ਵਿਚਾਰ ਨੂੰ 'ਭਾਰਤ ਮਾਤਾ' ਯਾਨੀ ਭਾਰਤ ਮਾਂ ਰਾਹੀਂ ਅਪਨਾਉਣਾ ਚਾਹਿਆ। ਸ਼ਾਇਦ ਇਹ ਸਫਲ ਹੋ ਜਾਂਦਾ, ਪਰ ਮਾਤਾ ਨੂੰ ਦੇਵੀ ਦਾ ਰੂਪ ਦੇ ਕੇ ਇਸ ਵਿਚਾਰ ਦੀ ਸਾਂਝੀਵਾਲਤਾ ਨੂੰ ਮਾਰ ਦਿੱਤਾ ਗਿਆ। ਬਹੁਤੇ ਲੋਕ ਦੇਵੀ ਦੇ ਸੰਕਲਪ ਨੂੰ ਸਵੀਕਾਰ ਨਾ ਕਰ ਸਕੇ।

○ ○ ○



Digitized by Panjab Digital Library | www.panjabdigilib.org

## ੫

# ਏਕਾ ਕੌਮ ਦਾ ਦੂਸਰਾ ਉਪਦੇਸ਼

ਦੂਸਰਾ ਉਪਦੇਸ਼ ਆਪ ਜੀ ਦਾ ਸੀ 'ਏਕਸ ਕੇ ਹਮ ਬਾਰਕ' (Brotherhood of Man)। ਆਪ ਜੀ ਨੇ ਕਿਹਾ ਕਿ ਸਾਰੇ ਨਾ ਸਿਰਫ ਪ੍ਰਭੂ ਦੀ ਆਗਿਆ ਵਿਚ ਹੀ ਚਲਦੇ ਹਨ ਬਲਕਿ ਪ੍ਰਭੂ ਆਪ ਵੀ ਸਭ ਵਿਚ ਵਸਿਆ ਹੋਇਆ ਹੈ। ਜੇ ਪ੍ਰਭੂ ਸਾਰਿਆਂ ਦਾ ਪਿਤਾ ਹੈ ਤਾਂ ਅਸੀਂ ਸਾਰੇ ਉਸ ਦੀ ਸੰਤਾਨ ਹਾਂ, ਅਸੀਂ ਸਾਰੇ ਇਕ ਦੂਜੇ ਦੇ ਭਰਾ ਹਾਂ। ਭਰਾਵਾਂ ਵਿਚ ਵਿਤਕਰਾ ਕਾਹਦਾ। ਕਿਸੇ ਦਾ ਧਰਮ ਹੋਰ ਹੋ ਸਕਦਾ ਹੈ, ਕਿਸੇ ਦੀ ਧਰਮ ਪੁਸਤਕ ਹੋਰ ਹੋ ਸਕਦੀ ਹੈ, ਕਿਸੇ ਦਾ ਪੂਜਾ ਸਥਲ ਹੋਰ ਤਰ੍ਹਾਂ ਦਾ ਹੋ ਸਕਦਾ ਹੈ, ਕਿਸੇ ਦੇ ਧਰਮ-ਕਰਮ ਹੋਰ ਤਰ੍ਹਾਂ ਦੇ ਹੋ ਸਕਦੇ ਹਨ, ਪਰ ਮਨੁੱਖ ਤਾਂ ਨਹੀਂ ਵੰਡਿਆ ਜਾ ਸਕਦਾ। ਆਪ ਜੀ ਨੇ ਕਿਹਾ ਕਿ ਸਭ ਦਾ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ, ਸਭ ਦੇ ਅੱਖ-ਕੰਨ-ਸਰੀਰ ਇਕੋ ਜਿਹੇ ਹਨ—ਭਾਵੇਂ ਉਹ ਹਿੰਦੂ ਹੋਵੇ ਤੇ ਭਾਵੇਂ ਮੁਸਲਮਾਨ। ਆਪ ਜੀ ਨੇ ਲਿਖਿਆ—

—ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਹੀ ॥
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥



Digitized by Panjab Digital Library | www.panjabdigilib.org

ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥ ੧੬॥੮੬॥

(ਦਸਮ ਗ੍ਰੰਥ, ਪੰਨਾ ੧੯)

ਸਾਰੀ ਮਨੁੱਖਤਾ ਇਕ ਹੈ ਤੇ ਸਾਰੇ ਭਾਰਤਵਾਸੀ ਇਕ ਹਨ। ਸਾਰਾ ਸੰਸਾਰ ਇਕੋ ਦੇਸ਼ ਹੈ। ਇੱਦਾਂ ਹੀ ਸਾਰੇ ਮਨੁੱਖਾਂ ਦੀ ਇਕੋ ਕੌਮ ਹੈ, ਪਰ ਮਨੁੱਖ ਦੇਸ਼ਾਂ ਤੇ ਕੌਮਾਂ ਵਿਚ ਵੰਡਿਆ ਹੋਇਆ ਹੈ ਤੇ ਫਿਰ ਇਕ-ਇਕ ਦੇਸ਼ ਵਿਚ ਵੀ ਕਈ-ਕਈ ਕੌਮਾਂ ਬਣੀਆਂ ਹੋਈਆਂ ਹਨ। ਗੁਰੂ ਜੀ ਦੇ ਏਕਾ ਦੇਸ਼ ਤੇ ਏਕਾ ਕੌਮ ਵਿਚ ਸਾਰੀ ਮਨੁੱਖਤਾ ਤੇ ਸਾਰੇ ਭਾਰਤ ਵਾਸੀ ਸ਼ਾਮਲ ਹਨ। ਇਸ ਉਪਦੇਸ਼ ਦੇ ਪ੍ਰਚਾਰ ਸਦਕਾ ਹੀ ਸਿੱਖਾਂ ਵਿਚ ਇਕੋ ਕੌਮ ਤੇ ਇਕੋ ਧਰਮ ਦਾ ਜਜ਼ਬਾ ਹੈ। ਸਿੱਖ ਭਾਵੇਂ ਪੰਜਾਬ ਵਿਚ ਹੋਵੇ, ਮਦਰਾਸ ਵਿਚ ਹੋਵੇ, ਬੰਗਾਲ ਵਿਚ ਹੋਵੇ ਜਾਂ ਮਹਾਰਾਸ਼ਟਰ ਵਿਚ ਹੋਵੇ, ਉਹ ਸਿਰਫ ਸਿੱਖ ਹੈ ਤੇ ਭਾਰਤੀ ਹੈ। ਗੈਰ ਸਿੱਖ ਪਹਿਲਾਂ ਹਿੰਦੂ, ਮੁਸਲਮਾਨ ਜਾਂ ਈਸਾਈ ਹੋਵੇਗਾ। ਫਿਰ ਬੰਗਾਲੀ, ਗੁਜਰਾਤੀ, ਆਦਿ ਹੋਏਗਾ ਤੇ ਬਾਅਦ ਵਿਚ ਸ਼ਾਇਦ ਭਾਰਤੀ। ਕਿਸੇ ਸਿੱਖ ਕੋਲੋਂ ਉਸ ਦੇ ਦੇਸ਼ ਤੇ ਕੌਮ ਬਾਰੇ ਪੁੱਛਣ ਦੀ ਲੋੜ ਨਹੀਂ ਹੁੰਦੀ। ਇਸ ਦੀ ਪਛਾਣ ਇਸ ਦਾ ਦਿਸਦਾ ਰੂਪ ਹੈ। ਸਾਡੇ ਦੇਸ਼ ਵਿਚ ਆਏ ਦਿਨਾਂ ਦੇ ਦੰਗੇ ਫਸਾਦਾਂ ਤੇ ਝਗੜਿਆਂ ਦਾ ਮੁੱਖ ਕਾਰਨ ਗੁਰੂ ਜੀ ਦੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਨੂੰ ਨਾ ਸਮਝਣਾ ਹੈ।

ਮੈਂ ਸੋਚਦਾ ਹਾਂ ਕਿ ਕਾਸ਼ ਕਿਸੇ ਨੇ ਹਕੂਮਤ ਨੂੰ ਗੁਰੂ ਜੀ ਦੇ ਉਪਰਲੇ ਦੋ ਸ਼ਬਦ ਸੁਣਾ ਦਿੱਤੇ ਹੁੰਦੇ। ਜੇ ਇੱਦਾਂ ਹੁੰਦਾ ਤਾਂ ਸ਼ਾਇਦ ਅੱਜ ਦੇਸ਼ ਦੀ ਵੰਡ ਨਾ ਹੁੰਦੀ, ਭਾਰਤ ਦੀ ਭਾਸ਼ਾ ਦੇ ਆਧਾਰ ਤੇ ਵੰਡ ਨਾ ਹੁੰਦੀ, ਦੇਸ਼ ਵਾਸੀ ਅੱਡ-ਅੱਡ ਹੋਣ ਦੀ ਆਵਾਜ਼ ਨਾ ਚੁਕਦੇ। ਜੇ ਇੱਦਾਂ ਹੁੰਦਾ ਤਾਂ ਲੱਖਾਂ ਮਨੁੱਖਾਂ ਦਾ ਖ਼ੂਨ ਬਿਨਾ ਕਾਰਨ ਨਾ ਡੋਲ੍ਹਿਆ ਜਾਂਦਾ, ਲੱਖਾਂ ਘਰ ਨਾ ਉਜਾੜੇ ਜਾਂਦੇ, ਨਾ ਮਸੀਤ ਢਾਈ ਜਾਂਦੀ, ਨਾ ਮੰਦਰ/ਗੁਰਦੁਆਰੇ ਭੰਨੇ ਜਾਂਦੇ। ਨਾ ਅਧਰਮ ਹੁੰਦਾ ਨਾ ਅਧਰਮ ਨੂੰ ਸਹਿਣ ਵਾਲੇ ਹੁੰਦੇ। ਨਾ ਸਿੱਖਾਂ ਵਿਚ ਵੰਡੀਆਂ ਪੈਂਦੀਆਂ ਨਾ ਸਿੱਖ ਕਮਜ਼ੋਰ ਪੈਂਦੇ।

○ ○ ○



Digitized by Panjab Digital Library | www.panjabdigilib.org

੬

# ਏਕਾ ਟੇਕ ਦਾ ਤੀਸਰਾ ਉਪਦੇਸ਼

ਆਪ ਜੀ ਦਾ ਤੀਸਰਾ ਉਪਦੇਸ਼ ਸੀ "ਏਕਾ ਟੇਕ" । ਦੁਖ ਵਿਚ, ਤਕਲੀਫ ਵਿਚ, ਅਨਿਆਇ ਦੇ ਵਿਰੁੱਧ ਲੜਨ ਲਈ, ਇਕੋ ਦਾ ਆਸਰਾ ਲਓ । ਇਹ ਉਮੀਦ ਨਾ ਰਖੋ ਕਿ ਕੋਈ ਦੇਵੀ-ਦੇਵਤਾ, ਕੋਈ ਪੀਰ-ਪੈਗੰਬਰ, ਕੋਈ ਜਾਦੂ-ਟੂਣਾ, ਕੋਈ ਮੜ੍ਹੀ-ਮਸਾਣ, ਮਨੁੱਖ ਦੀ ਸਹਾਇਤਾ ਲਈ ਆਏਗਾ । ਕਿਸੇ ਕੋਲੋਂ ਗਾਨੇ ਨਾ ਬੰਨ੍ਹਾਓ, ਰੱਖਾਂ ਨਾ ਪੁਆਉ, ਪਾਣੀ ਨਾ ਮੰਤਰਾਉ । ਛੱਲੇ-ਧਾਗੇ ਨਾ ਪਵਾਉ, ਮੰਤਰ-ਦੀਖੀਆ ਨਾ ਲਉ, ਕਿਸੇ ਦੰਭੀ ਸੰਤ ਕੋਲੋਂ ਮਦਦ ਦੀ ਆਸਾ ਨਾ ਰੱਖੋ । ਆਪਣੀ ਸਹਾਇਤਾ ਆਪ ਕਰੋ ਤੇ ਪ੍ਰਭੂ ਦੀ ਟੇਕ ਲਉ । ਉਸ ਨੂੰ ਜਪੋ ਜਿਸ ਦੀ ਜੋਤ ਤੁਹਾਡੇ ਅੰਦਰ ਜਗ ਰਹੀ ਹੈ; ਉਸ ਬਿਨਾਂ ਕਿਸੇ ਹੋਰ ਨੂੰ ਨਾ ਮੰਨੋ, ਕੋਈ ਤੀਰਥ ਯਾਤਰਾ, ਕਿਸੇ ਵੇਲ੍ਹੜ ਨੂੰ ਦਾਨ, ਕਿਸੇ ਜ਼ਾਲਮ ਤੇ ਦਿਯਾ ਨਾ ਕਰੋ । ਕੋਈ ਬ੍ਰਤ-ਨੇਮ ਨਾ ਕਰੋ, ਕੋਈ ਕਬਰ ਨਾ ਪੂਜੋ, ਕੋਈ ਤਪੱਸਿਆ ਤੇ ਕੋਈ ਬੇਅਰਥ ਸੰਜਮ ਨ ਕਰੋ । ਸਿਰਫ ਉਸ ਨੂੰ ਧਿਆਉ ਜਿਸ ਦੀ ਜੋਤ ਅੰਦਰ ਜਗਦੀ ਹੈ ਤੇ ਧਿਆਉਂਦੇ ਰਹੋ ਜਦੋਂ ਤੱਕ ਕਿ ਇਹ ਜੋਤ ਸਾਡੇ ਅੰਦਰ ਪ੍ਰਗਟ ਨਾ ਹੋ ਜਾਏ । ਆਪ ਜੀ ਲਿਖਦੇ ਹਨ—

—ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥

(ਸਰਬ ਲੋਹ)



Digitized by Panjab Digital Library | www.panjabdigilib.org

ਇਨ੍ਹਾਂ ਪੀਰਾਂ-ਫਕੀਰਾਂ ਤੇ ਸਾਧੂ-ਸੰਤਾਂ ਦਾ ਸੰਗ ਛੱਡੋ ਤੇ ਉਸ ਦੀ ਓਟ ਲਉ ਜਿਸ ਨੇ ਇਨ੍ਹਾਂ ਸਾਰਿਆਂ ਨੂੰ ਬਣਾਇਆ ਹੈ। ਉਸ ਦਾ ਆਸਰਾ ਲਉ ਜਿਹੜਾ ਸਾਨੂੰ ਸਾਰਿਆਂ ਦੁੱਖਾਂ ਤੋਂ ਬਚਾਉਂਦਾ ਹੈ, ਸਾਰੇ ਰੋਗਾਂ ਤੋਂ ਬਚਾਉਂਦਾ ਹੈ, ਸਾਰੇ ਵੈਰੀਆਂ ਤੋਂ ਰੱਖਿਆ ਕਰਦਾ ਹੈ। ਉਸ ਦਾ ਸਹਾਰਾ ਮੰਗੋ ਜਿਹੜਾ ਗਰਭ ਵਿਚ, ਸਾਡੀ ਅਸਹਾਏ ਅਵਸਥਾ ਵਿਚ, ਵੀ ਰਾਖੀ ਕਰਦਾ ਹੈ। ਆਪ ਜੀ ਨੇ ਕਿਹਾ—

—ਰੋਗਨ ਤੇ ਅਰ ਸੋਗਨ ਤੇ ਜਲ ਜੋਗਨ ਤੇ ਬਹੁ ਭਾਂਤਿ ਬਚਾਵੈ ॥
ਸਤ੍ਰ ਅਨੇਕ ਚਲਾਵਤ ਘਾਵ ਤਊ ਤਨ ਏਕ ਨ ਲਾਗਨ ਪਾਵੈ ॥
ਰਾਖਤ ਹੈ ਅਪਨੋ ਕਰ ਦੈ ਕਰ ਪਾਪ ਸੰਬੂਹ ਨ ਭੇਟਨ ਪਾਵੈ ॥
ਔਰ ਕੀ ਬਾਤ ਕਹਾ ਕਹੋ ਤੋ ਸੋਂ
ਸੁ ਪੇਟ ਹੀ ਕੇ ਪਟ ਬੀਚ ਬਚਾਵੈ ॥੨੪੮॥

(ਦਸਮ ਗ੍ਰੰਥ, ਪੰਨਾ ੫੫)

○ ○ ○



Digitized by Panjab Digital Library | www.panjabdigilib.org

# ੭
# ਪੰਜ ਪਿਆਰੇ

ਆਪ ਜੀ ਨੇ ਕਿਹਾ ਸੀ ਏਕਾ ਦੇਸ਼, ਏਕਾ ਕੌਮ ਤੇ ਏਕਾ ਟੇਕ। ਅਗਲਾ ਉਸਦੇਸ਼ ਦੇਣ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਸੀ ਕਿ ਕਿੰਨੇ ਕੁ ਸਿੱਖ ਇਨ੍ਹਾਂ ਉਪਦੇਸ਼ਾਂ ਨੂੰ ਸਮਝ ਕੇ ਆਪਣੀ ਜੀਵਨ-ਜਾਚ ਬਣਾ ਸਕੇ ਹਨ। ਜੇ ਇਹ ਤਿੰਨ ਉਪਦੇਸ਼ ਹੀ ਚੇਤੇ ਨਹੀਂ ਰੱਖ ਸਕੇ ਤਾਂ ਅਗਲਾ ਉਪਦੇਸ਼ ਦੇਣਾ ਬੇਅਰਥ ਸੀ। ਅਗਲਾ ਉਪਦੇਸ਼ ਬਹੁਤ ਔਖਾ ਸੀ। ਆਪ ਜੀ ਨੇ ਸਿਖਾਇਆ ਸੀ 'ਏਕਾ ਟੇਕ' ਯਾਨੀ ਅਧਰਮ ਮਿਟਾਉਣ ਲਈ ਸਿਰਫ ਪ੍ਰਭੂ ਦੀ ਟੇਕ ਲਉ ਤੇ ਗੁਰੂ ਦੀ ਆਗਿਆ ਮੰਨੋ। ਗੁਰੂ ਦੀ ਟੇਕ ਲੈ ਕੇ ਹੀ ਪ੍ਰਭੂ ਦੀ ਟੇਕ ਮਿਲਦੀ ਹੈ। ਇਸ ਟੇਕ ਦੀ ਗਹਿਰਾਈ ਨੂੰ ਜਾਨਣ ਲਈ ਆਪ ਜੀ ਨੇ ੩੦ ਮਾਰਚ, ੧੬੯੯ ਨੂੰ ਸਿੱਖਾਂ ਦਾ ਇਕ ਭਾਰੀ ਦੀਵਾਨ ਬੁਲਾਇਆ। ਇਸ ਦੀਵਾਨ ਵਿਚ ਆਪ ਜੀ ਨੇ ਪ੍ਰਭੂ ਦਾ ਭਗਉਤੀ ਰੂਪ ਦਰਸਾਇਆ। ਆਪ ਜੀ ਨੇ ਕਿਹਾ ਕਿ ਪ੍ਰਭੂ ਦੇ ਕਈ ਰੂਪ ਹਨ, ਪਰ ਅਧਰਮ ਮਿਟਾਉਣ ਲਈ ਉਸ ਦੇ ਭਗਉਤੀ (ਸ਼ਕਤੀਸ਼ਾਲੀ) ਰੂਪ ਨੂੰ ਚੇਤੇ ਰੱਖਣ ਦੀ ਲੋੜ ਹੈ। ਭਗਉਤੀ ਸਿਮਰਨ ਦਾ ਅਰਥ ਹੈ ਪ੍ਰਭੂ ਦੇ ਸ਼ਕਤੀਸ਼ਾਲੀ ਰੂਪ ਨੂੰ ਸਮਝਣਾ। ਇਸੇ ਲਈ ਅਸੀਂ ਆਪਣੀ ਅਰਦਾਸ ਦੇ ਆਰੰਭ ਵਿਚ ਕਹਿੰਦੇ ਹਾਂ, "ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈ ਧਿਆਏ।" ਯਾਨੀ ਆਪਣੇ ਗੁਰੂਆਂ ਨੂੰ ਯਾਦ ਕਰਨ ਤੋਂ ਪਹਿਲਾਂ ਪ੍ਰਭੂ ਦੇ ਸ਼ਕਤੀਸ਼ਾਲੀ ਰੂਪ ਨੂੰ ਯਾਦ ਕਰੋ। ਇਸ ਵਿਚਾਰ ਨੂੰ ਦ੍ਰਿੜ੍ਹ ਕਰਨ ਲਈ ਆਪ ਨੇ ਕਿਰਪਾਨ ਨੂੰ ਸਿੰਘਾਂ ਦਾ ਜ਼ਰੂਰੀ ਲਿਬਾਸ ਬਣਾ ਦਿੱਤਾ।

ਸਿੱਖਾਂ ਦੀ ਏਕਾ ਟੇਕ ਬਾਰੇ ਦ੍ਰਿੜ੍ਹਤਾ ਜਾਨਣ ਲਈ ਆਪ ਜੀ ਨੇ ਸਿੱਖਾਂ



Digitized by Panjab Digital Library | www.panjabdigilib.org

ਕੋਲੋਂ ਸੀਸ ਦੀ ਭੇਟਾ ਮੰਗੀ। ਭੇਟਾ ਗੁਰੂ ਮੰਗ ਰਿਹਾ ਹੈ ਤੇ ਇਹ ਮੰਗ ਪ੍ਰਭੂ (ਭਗਉਤੀ) ਲਈ ਹੋ ਰਹੀ ਹੈ। ਹੁਣ ਪਤਾ ਚਲ ਜਾਏਗਾ ਕਿ ਕਿੰਨਿਆਂ ਨੇ ਗੁਰੂ ਉਪਦੇਸ਼ ਨੂੰ ਸਮਝਿਆ ਤੇ ਅਪਨਾਇਆ ਹੈ। ਇਸ ਪ੍ਰੀਖਿਆ ਵਿਚ ਪੰਜ ਸਿੱਖ ਸਫਲ ਹੋਏ ਜਿਨ੍ਹਾਂ ਨੇ ਆਪਣਾ ਸੀਸ ਭੇਟਾ ਕੀਤਾ। ਸਿੱਖ ਇਤਿਹਾਸ ਵਿਚ ਇਨ੍ਹਾਂ ਨੂੰ 'ਪੰਜ ਪਿਆਰੇ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਸਿੱਖਾਂ ਨੇ ਕਿਹਾ ਕਿ ਜੇ ਗੁਰੂ ਸੀਸ ਮੰਗਦਾ ਹੈ ਤਾਂ ਸੋਚਣਾ-ਵਿਚਾਰਨਾ ਕੀ। ਇਹ ਪੰਜ ਪਿਆਰੇ ਸਨ—

੧. ਭਾਈ ਦਇਆ ਸਿੰਘ—ਪੰਜਾਬ (ਲਾਹੌਰ) ਤੋਂ

੨. ਭਾਈ ਧਰਮ ਸਿੰਘ—ਦਿੱਲੀ ਤੋਂ

੩. ਭਾਈ ਹਿੰਮਤ ਸਿੰਘ—ਉੜੀਸਾ (ਜਗਨ ਨਾਥ ਪੁਰੀ) ਤੋਂ

੪. ਭਾਈ ਮੁਹਕਮ ਸਿੰਘ—ਗੁਜਰਾਤ (ਦੁਆਰਕਾ) ਤੋਂ

੫. ਭਾਈ ਸਾਹਿਬ ਸਿੰਘ—ਕਰਨਾਟਕ (ਬਿਦਰ) ਤੋਂ

ਭਾਰਤ ਦੇ ਚਾਰੋਂ ਕੋਨਿਆਂ ਤੋਂ ਇਕ-ਇਕ ਸਿੱਖ ਨੇ ਆਪਾ ਵਾਰਨਾ ਸਵੀਕਾਰ ਕੀਤਾ—ਪੂਰਬ ਤੋਂ ਉੜੀਸਾ, ਪੱਛਮ ਤੋਂ ਗੁਜਰਾਤ, ਉੱਤਰ ਤੋਂ ਪੰਜਾਬ ਤੇ ਦੱਖਣ ਤੋਂ ਕਰਨਾਟਕ। ਇਸ ਤੋਂ ਇਹ ਵੀ ਸਾਫ਼ ਹੋ ਜਾਂਦਾ ਹੈ ਕਿ ਉਸ ਸਮੇਂ ਸਿੱਖੀ ਕਿੰਨੀ ਦੂਰ ਤੱਕ ਫੈਲੀ ਹੋਈ ਸੀ ਤੇ ਗੁਰੂ ਘਰ ਦੇ ਪ੍ਰਚਾਰ ਨੇ ਸਿੱਖਾਂ ਦੇ ਮਨਾਂ ਤੇ ਕਿੰਨਾ ਗਹਿਰਾ ਅਸਰ ਪਾਇਆ ਸੀ।

○ ○ ○



Digitized by Panjab Digital Library | www.panjabdigilib.org

## ੮

# ਏਕਾ ਵੇਸ ਦਾ ਚੌਥਾ ਉਪਦੇਸ਼

ਇਨ੍ਹਾਂ ਪੰਜ ਸਿੰਘਾਂ ਨੂੰ ਜਿਹੜੇ ਟੈਸਟ ਵਿਚ ਪਾਸ ਹੋ ਗਏ, ਆਪ ਜੀ ਨੇ ਆਪਣਾ ਅਗਲਾ ਉਪਦੇਸ਼ ਦਿੱਤਾ। ਉਹ ਸੀ 'ਏਕਾ ਵੇਸ'। ਹਾਲੀਂ ਤੱਕ ਦਿੱਤੇ ਗਏ ਤਿੰਨ ਉਪਦੇਸ਼, ਏਕਾ ਦੇਸ਼, ਏਕਾ ਕੌਮ ਤੇ ਏਕਾ ਟੇਕ, ਅੰਦਰਲੇ ਗੁਣ ਸਨ। ਇਹ ਮਨ ਨਾਲ ਸਬੰਧਤ ਸਨ। ਚੌਥਾ ਉਪਦੇਸ਼ 'ਏਕਾ ਵੇਸ' ਸਰੀਰ ਨਾਲ ਸਬੰਧਤ ਸੀ। ਬਹੁਤ ਸੋਚ-ਵਿਚਾਰ ਕੇ ਆਪ ਜੀ ਨੇ ਸਿੱਖਾਂ ਨੂੰ ਸੰਤ ਸਿਪਾਹੀ ਦਾ ਵੇਸ ਦਿੱਤਾ। ਆਪ ਦਾ ਸਿੱਖ **ਕਿਰਪਾਨ** ਧਾਰੀ ਹੋਏਗਾ, **ਕੇਸ** ਰੱਖੇਗਾ, **ਕੰਘਾ** ਸਜਾਏਗਾ, **ਕੱਛਾ** ਪਹਿਨੇਗਾ ਤੇ **ਕੜਾ** ਧਾਰੇਗਾ। ਇਨ੍ਹਾਂ ਨੂੰ ਪੰਜ ਕਕਾਰ ਕਿਹਾ ਜਾਂਦਾ ਹੈ। ਪੰਜ ਪਿਆਰੇ ਤੇ ਫਿਰ ਉਨ੍ਹਾਂ ਦੇ ਪੰਜ ਕਕਾਰ। ਇਨ੍ਹਾਂ ਨੂੰ ਕਕਾਰ ਇਸ ਲਈ ਕਹਿੰਦੇ ਹਨ ਕਿਉਂਕਿ ਇਹ ਸਭ 'ਕ' ਅੱਖਰ ਨਾਲ ਸ਼ੁਰੂ ਹੋਏ ਹਨ—'ਕ' ਤੋਂ ਕਿਰਪਾਨ, 'ਕ' ਤੋਂ ਕੇਸ, 'ਕ' ਤੋਂ ਕੰਘਾ, 'ਕ' ਤੋਂ ਕੱਛਾ ਤੇ 'ਕ' ਤੋਂ ਕੜਾ। ਕਿਰਪਾਨ ਜ਼ਰੂਰੀ ਹੈ ਅਧਰਮ ਰੋਕਣ ਲਈ, ਕੇਸ ਜ਼ਰੂਰੀ ਹਨ ਅਧਿਆਤਮਕ ਸ਼ਕਤੀ ਸੰਭਾਲਣ ਲਈ, ਕੰਘਾ ਜ਼ਰੂਰੀ ਹੈ ਕੇਸਾਂ ਦੀ ਸਫਾਈ ਲਈ, ਕੱਛਾ ਜ਼ਰੂਰੀ ਹੈ ਜਤ (ਆਚਰਣ) ਨੂੰ ਸੰਭਾਲਣ ਲਈ ਤੇ ਕੜਾ ਜ਼ਰੂਰੀ ਹੈ ਆਪਣੇ ਆਦਰਸ਼ (ਅਧਰਮ ਮਿਟਾਉਣ) ਤੇ ਆਪਣੀ ਸਾਂਝੀਵਾਲਤਾ (ਏਕੁ ਪਿਤਾ ਏਕਸ ਕੇ ਹਮ ਬਾਰਕ) ਨੂੰ ਯਾਦ ਰੱਖਣ ਲਈ।

○ ○ ○



Digitized by Panjab Digital Library | www.panjabdigilib.org

# ੯

# ਅੰਮ੍ਰਿਤ ਦੀ ਦਾਤ

ਪੰਜ ਸਿੱਖਾਂ ਨੂੰ ਪੰਜ ਕਕਾਰਾਂ ਨਾਲ ਸਜਾ ਕੇ ਆਪ ਜੀ ਨੇ ਇਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਅੰਮ੍ਰਿਤਾ (Deathlessness) ਪ੍ਰਦਾਨ ਕੀਤੀ। ਉਹ ਸਿੰਘ ਹੁਣ 'ਮਰ' ਤੋਂ 'ਅਮਰ' ਹੋ ਗਏ, ਸਿੱਖ ਤੋਂ ਸਿੰਘ ਸਜ ਗਏ, ਚਿੜੀਆਂ ਤੋਂ ਬਾਜ਼ ਬਣ ਗਏ, ਸ਼ਿਕਾਰ ਹੋਣ ਵਾਲੇ ਸ਼ਿਕਾਰੀ ਹੋ ਗਏ, ਇਹ ਕਮਜ਼ੋਰ ਨਾ ਹੁੰਦੇ ਹੋਏ ਇਕ ਖਾਲਸਾ ਪੰਥ ਵਿਚ ਪਰੋਤੇ ਗਏ, ਸਵਾ-ਸਵਾ ਲੱਖ ਵੈਰੀਆਂ ਦੇ ਮੂੰਹ ਤੋੜਨ ਵਾਲੇ ਹੋ ਗਏ, ਖਾਲਸ ਹੋ ਕੇ ਖਾਲਸਾ ਹੋ ਗਏ। ਇਸ ਦ੍ਰਿਸ਼ ਬਾਰੇ ਭਾਈ ਗੁਰਦਾਸ ਜੀ ਬੜਾ ਸੁੰਦਰ ਲਿਖਦੇ ਹਨ—

—ਓਹ ਗੁਰੁ ਗੋਬਿੰਦ ਹੁਇ ਪ੍ਰਗਟਿਓ ਦਸਵਾਂ ਅਵਤਾਰਾ ॥
ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ ॥
ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ ॥
ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸਟ ਪਛਾਰਾ ॥
ਸੀਲ ਜਤ ਕੀ ਕਛ ਪਹਰਿ ਪਕੜੋ ਹਥਿਆਰਾ ॥
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ ॥ (੧੫/੪੧)

ਉਸ ਸਮੇਂ ਗੁਰੂ ਜੀ ਨੇ ਦੂਸਰੇ ਸਿੱਖਾਂ ਨੂੰ ਵੀ ਅੰਮ੍ਰਿਤ ਛੱਕਣ ਲਈ ਕਿਹਾ। ਆਪ ਜੀ ਨੇ ਦੱਸਿਆ ਕਿ ਅੰਮ੍ਰਿਤ ਤਿਆਰ ਕਰਨ ਸਮੇਂ ਪ੍ਰਭੂ ਦੇ ਸ਼ਕਤੀਸ਼ਾਲੀ ਰੂਪ (ਕਾਲਕਾ) ਨੂੰ ਯਾਦ ਕੀਤਾ ਗਿਆ ਹੈ, ਇਸ ਲਈ ਆਓ ਤੇ ਅੰਮ੍ਰਿਤ ਪਾਨ ਕਰ ਕੇ ਆਪਣੇ ਜੀਵਨ ਨੂੰ ਸਫਲ ਬਣਾ ਲਉ। ਭਾਈ ਗੁਰਦਾਸ ਦੇ ਸ਼ਬਦਾਂ ਵਿਚ ਗੁਰੂ ਜੀ ਨੇ ਕਿਹਾ—

—ਗੁਰੁਦਾਸ ਮਨਾਈ ਕਾਲਕਾ ਖੰਡੇ ਕੀ ਵੇਲਾ ॥
ਪੀਓ ਪਾਹੁਲ ਖੰਡਧਾਰ ਹੁਇ ਜਨਮ ਸੁਹੇਲਾ ॥(੧/੪੧)

○ ○ ○



Digitized by Panjab Digital Library | www.panjabdigilib.org

# ੧੦
# ਆਪੇ ਗੁਰ ਚੇਲਾ

ਇਕ ਅੰਦਾਜ਼ੇ ਅਨੁਸਾਰ ਇਸ ਇਕੱਠ ਵਿਚ ਇਕ ਲੱਖ ਸਿੱਖ ਅੰਮ੍ਰਿਤ ਛਕ ਕੇ, ਸੰਤ-ਸਿਪਾਹੀ ਬਣ ਕੇ ਤੇ ਸਿੰਘ ਸਜ ਕੇ, ਖਾਲਸਾ ਪੰਥ ਵਿਚ ਸ਼ਾਮਲ ਹੋਏ। ਇਨ੍ਹਾਂ ਵਿਚੋਂ ਸਭ ਤੋਂ ਪਹਿਲੇ ਗੁਰੂ ਜੀ ਆਪ ਸਨ। ਆਪ ਜੀ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਆਪ ਹੀ ਇਨ੍ਹਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗੀ। ਆਪ ਜੀ ਨੇ ਆਪਣੇ ਸਜਾਏ ਸਿੰਘਾਂ ਕੋਲੋਂ ਆਪ ਅੰਮ੍ਰਿਤ ਪਾਨ ਕੀਤਾ। ਸੰਸਾਰ ਭਰ ਦੇ ਇਤਿਹਾਸ ਵਿਚ ਐਸੀ ਕੋਈ ਘਟਨਾ ਨਹੀਂ ਮਿਲਦੀ ਜਿੱਥੇ ਗੁਰੂ ਨੇ ਆਪਣੇ ਚੇਲੇ ਕੋਲੋਂ ਦੀਖਿਆ ਲਈ ਹੋਵੇ, ਆਪਣੇ ਚੇਲੇ ਸਾਹਮਣੇ ਹੱਥ ਜੋੜ ਕੇ ਤੇ ਗੋਡੇ ਪਰਨੇ ਹੋ ਕੇ ਅੰਮ੍ਰਿਤ ਦੀ ਜਾਚਨਾ ਕੀਤੀ ਹੋਵੇ। ਪਰ ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਇੱਦਾਂ ਕੀਤਾ। ਭਾਈ ਗੁਰਦਾਸ ਅਨੁਸਾਰ—

— ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ (੧/੪੧)

ਹਰ ਸਿੱਖ ਬੱਚੇ ਲਈ ਜ਼ਰੂਰੀ ਹੈ ਕਿ ਅੰਮ੍ਰਿਤ ਛੱਕ ਕੇ ਸਿੰਘ ਸਜੇ। ਜਿਦਾਂ ਇਕ ਹਿੰਦੂ ਲਈ ਜ਼ਰੂਰੀ ਹੈ ਕਿ ਉਹ ਜਨੇਊ ਧਾਰਨ ਕਰੇ, ਇਕ ਮੁਸਲਮਾਨ ਲਈ ਜ਼ਰੂਰੀ ਹੈ ਕਿ ਉਹ ਸੁੰਨਤ ਕਰਾਏ ਤੇ ਇਕ ਇਸਾਈ ਲਈ ਜ਼ਰੂਰੀ ਹੈ ਕਿ ਉਹ ਬੈਪਟਿਜ਼ਮ (Baptism) ਦੀ ਰਸਮ ਪੂਰੀ ਕਰੇ, ਇੱਦਾਂ ਹੀ ਇਕ ਸਿੱਖ ਲਈ ਜ਼ਰੂਰੀ ਹੈ ਕਿ ਉਹ ਅੰਮ੍ਰਿਤ ਛਕੇ। ਅੰਮ੍ਰਿਤ ਛਕੇ ਬਿਨਾਂ ਸਿਰਫ ਕਕਾਰਾਂ ਦਾ ਧਾਰਨੀ ਭੇਖੀ ਹੈ, ਮੂੜ ਹੈ "ਕੇਸ ਧਾਰੇ ਪਾਹੁਲ ਬਿਨ ਭੇਖੀ ਮੂੜਾ ਸਿੱਖ।"

○ ○ ○



Digitized by Panjab Digital Library | www.panjabdigilib.org

## ੧੧
# ਕਿਰਪਾਨ

ਕਕਾਰਾਂ ਵਿਚ ਇਕ ਮਹੱਤਵਪੂਰਨ ਕਕਾਰ ਹੈ ਕਿਰਪਾਨ । ਇਹ ਸ਼ਕਤੀ ਦੀ ਪ੍ਰਤੀਕ ਹੈ । ਇਹ ਅਧਰਮ ਨੂੰ ਮਿਟਾਣ ਲਈ ਮੁੱਖ ਹਥਿਆਰ ਹੈ ਤੇ ਗੁਰੂ ਜੀ ਦੀ ਵਿਸੇਸ਼ ਦੇਣ ਹੈ । ਸਿੱਖ ਨੇ ਕਿਰਪਾਨ ਧਾਰੀ ਹੋਣਾ ਹੈ ਤੇ ਹੋਰ ਸ਼ਸਤਰ ਵੀ ਪਾਣੇ। ਵਰਤਣੇ ਹਨ । ਕਿਰਪਾਨ (ਤੇਗ਼) ਦੀ ਪ੍ਰਸ਼ੰਸਾ ਕਰਦੇ ਹੋਏ ਆਪ ਜੀ ਨੇ ਕਿਹਾ ਕਿ ਇਹ ਅਧਰਮੀਆਂ ਦੇ ਟੋਟੇ-ਟੋਟੇ ਕਰੇਗੀ, ਅਨਿਆਏ ਕਰਨ ਵਾਲੇ ਮੂਰਖ ਦਾ ਸਤਿਆਨਾਸ ਕਰੇਗੀ, ਇਸ ਨੂੰ ਧਾਰਨ ਕਰਨ ਵਾਲੇ ਨੂੰ ਸ਼ਕਤੀਸ਼ਾਲੀ ਬਣਾਏਗੀ, ਤੇਗ਼ ਧਾਰੀ ਦੀ ਬਾਂਹ ਵਿਚ ਅਟੁੱਟ ਸ਼ਕਤੀ ਦਾ ਸੰਚਾਰ ਕਰੇਗੀ, ਸੰਤਾਂ ਨੂੰ ਸੁਖ ਤੇ ਅਧਰਮੀਆਂ ਨੂੰ ਦੰਡ ਦੇਵੇਗੀ । ਇਹ ਤੇਗ਼ ਜਗ ਵਿਚ ਸੰਤਾਂ ਨੂੰ ਉਭਾਰੇਗੀ, ਪੰਥ ਦੀ ਰੱਖਿਆ ਕਰੇਗੀ । ਇਹ ਵਿਜੈ ਦਾਤੀ ਹੋਏਗੀ । ਆਪ ਜੀ ਨੇ ਆਪਣੇ ਸੁੰਦਰ ਤੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ—

— ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ ।
ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ ॥
(ਦਸਮ ਗ੍ਰੰਥ, ਪੰਨਾ ੩੯)

○ ○ ○



Digitized by Panjab Digital Library | www.panjabdigilib.org

## ੧੨

# ਹਿੰਸਾ-ਅਹਿੰਸਾ

ਇਕ ਪਾਸੇ ਗੁਰੂ ਜੀ ਤੇਗ ਦੀ ਐਨੀ ਪ੍ਰਸੰਸਾ ਕਰਦੇ ਹਨ ਤੇ ਦੂਸਰੇ ਪਾਸੇ ਸਾਡੇ ਦੇਸ਼ ਵਾਸੀ ਅਹਿੰਸਾ ਦੀ ਦੁਹਾਈ ਦੇਂਦੇ ਹਨ। ਸਾਡੇ ਦੇਸ਼ ਦੀ ਧਾਰਨਾ ਰਹੀ ਹੈ ਕਿ ਸਭ ਧਰਮਾਂ ਨਾਲੋਂ ਉਤਮ ਅਹਿੰਸਾ ਧਰਮ ਹੈ "ਅਹਿੰਸਾ ਪ੍ਰਮੋ ਧਰਮਾ।" ਇਸ ਵਿਚਾਰ ਨੂੰ ਜੈਨੀਆਂ ਤੇ ਬੋਧੀਆਂ ਨੇ ਬਹੁਤ ਪ੍ਰਚਾਰਿਆ। ਪਰ ਲੋਕੀਂ ਅਸਲੀ ਗੱਲ ਨਹੀਂ ਸਮਝ ਸਕੇ। ਇਹ ਧਰਮ ਸ਼ਕਤੀਸ਼ਾਲੀ ਦਾ ਧਰਮ ਸੀ। ਇਸ ਦੀ ਪਾਲਣਾ ਗੁਰੂ ਅਰਜਨ ਦੇਵ ਜੀ ਵਰਗੇ ਹੀ ਕਰ ਸਕਦੇ ਸਨ ਜਾਂ ਗੁਰੂ ਤੇਗ ਬਹਾਦਰ ਜੀ ਵਰਗੇ। ਇਹ ਧਰਮ ਕਮਜ਼ੋਰ ਦਾ ਨਹੀਂ ਸੀ। ਪਰ ਬਹੁਤੇ ਕਮਜ਼ੋਰ ਤੇ ਡਰਪੋਕ ਇਸ ਧਰਮ ਪਿੱਛੇ ਆ ਖਲੋਤੇ। ਉਨ੍ਹਾਂ ਕਿਹਾ, "ਅਸੀਂ ਲੜਨਾ ਨਹੀਂ, ਅਸੀਂ ਹਥਿਆਰ ਨਹੀਂ ਚੁਕਣੇ।" ਇਸ ਪ੍ਰਚਾਰ ਦੇ ਫਲਸਰੂਪ ਇਹ ਲੋਕੀਂ ਅਨਿਆਏ ਦੇ ਵਿਰੁੱਧ ਕੁਝ ਕਰਨ ਜੋਗੇ ਨਹੀਂ ਰਹੇ। ਗੁਰੂ ਜੀ ਨੇ ਕਿਹਾ ਕਿ ਇਕ ਡਰਿਆ ਮਨੁੱਖ ਅਹਿੰਸਾਵਾਦੀ ਨਹੀਂ ਹੋ ਸਕਦਾ। ਇਸ ਪਿੱਛੇ ਉਹ ਸਿਰਫ ਅਧਰਮ ਨੂੰ ਸਹਾਰਾ ਦੇ ਸਕਦਾ ਹੈ। ਇਦਾਂ ਦੇ ਮਨੁੱਖ ਨੂੰ ਅਧਰਮ ਦੇ ਖਿਲਾਫ਼ ਆਵਾਜ਼ ਉੱਚੀ ਕਰਨ ਤੋਂ ਡਰ ਲੱਗਦਾ ਹੈ, ਧਰਮ ਲਈ ਆਪਾ ਵਾਰਨ ਤੋਂ ਘਬਰਾਹਟ ਹੁੰਦੀ ਹੈ, ਤੇ ਧਰਮ-ਹਿਤ ਇਹ ਹਥਿਆਰ ਤਾਂ ਚੁਕ ਹੀ ਨਹੀਂ ਸਕਦਾ ਕਿਉਂਕਿ ਇਹ ਤਾਂ ਅਧਰਮ ਹੈ। ਯਾਨੀ ਆਪਣੀ ਪਤ ਲੁਹਾਣੀ, ਜ਼ੋਰ-ਜ਼ੁਲਮ ਸਹਿਣਾ ਧਰਮ ਹੈ ਤੇ ਇਸ ਦੀ ਰੱਖਿਆ ਲਈ ਹਥਿਆਰ ਚੁਕਣਾ ਅਧਰਮ। ਆਪ ਜੀ ਨੇ ਕਿਹਾ ਕਿ ਅਹਿੰਸਾ ਧਰਮ ਨਹੀਂ, ਨੀਤੀ ਹੈ। ਅਧਰਮ ਨੂੰ ਮਿਟਾਉਣ ਲਈ ਕੁਝ ਵੀ ਕਰਨਾ ਧਰਮ ਹੈ। ਧਰਮ ਦੇ ਵਿਰੁੱਧ ਆਵਾਜ਼ ਤਾਂ ਉਠਾਓ। ਜੇ ਅਹਿੰਸਾ ਰਾਹੀਂ ਸਫ਼ਲ ਹੋ ਜਾਂਦੇ ਹੋ ਤਾਂ ਬਹੁਤ



Digitized by Panjab Digital Library | www.panjabdigilib.org

ਠੀਕ। ਪਰ ਜੇ ਜ਼ਾਲਮ ਹੱਕ ਦੀ ਆਵਾਜ਼ ਨਾ ਸੁਣੇ, ਤਾਂ ਉਥੇ ਰੁਕ ਨਾ ਜਾਉ। ਆਪਣੀ ਆਵਾਜ਼ ਨੂੰ ਸ਼ਕਤੀ ਨਾਲ ਭਰੋ। ਆਪਣੀ ਨੀਤੀ ਬਦਲੋ। ਆਪ ਜੀ ਨੇ ਆਪਣੀ ਇਹ ਨੀਤੀ ਬੜੇ ਸਾਫ਼ ਸ਼ਬਦਾਂ ਵਿਚ ਔਰੰਗੇ ਨੂੰ ਸਪਸ਼ਟ ਕੀਤੀ। ਔਰੰਗੇ ਨੂੰ ਫ਼ਾਰਸੀ ਵਿਚ ਲਿਖੀ ਆਪਣੀ ਚਿੱਠੀ 'ਜ਼ਫ਼ਰਨਾਮੇ' ਵਿਚ ਆਪ ਜੀ ਨੇ ਕਿਹਾ ਕਿ ਕਿਉਂਕਿ ਮੇਰਾ ਉਦੇਸ਼ (ਅਧਰਮ ਮਿਟਾਣਾ) ਹਰ ਅਹਿੰਸਕ ਤਰੀਕੇ ਰਾਹੀਂ ਅਸਫਲ ਰਿਹਾ ਹੈ, ਇਸ ਲਈ ਮੇਰੇ ਲਈ ਤਲਵਾਰ ਚੁਕਣਾ ਧਰਮ ਹੈ। ਆਪ ਜੀ ਦੇ ਸ਼ਬਦਾਂ ਵਿਚ—

— ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥

(ਦਸਮ ਗ੍ਰੰਥ, ਪੰਨਾ ੧੩੯੦)

ਇਸ ਲਈ ਆਪ ਜੀ ਨੇ ਸਿੱਖਾਂ ਨੂੰ ਸ਼ਸਤਰਧਾਰੀ ਹੋਣਾ ਸਿਖਾਇਆ। ਜੇ ਅਹਿੰਸਾ ਸਫ਼ਲ ਨਹੀਂ ਹੁੰਦੀ ਤੇ ਹਿੰਸਾ ਦਾ ਰਾਹ ਅਪਨਾਉਣਾ ਪੈਂਦਾ ਹੈ ਤਾਂ ਸ਼ਸਤਰ-ਧਾਰੀ ਹੋਣਾ ਅਨਿਵਾਰੀ ਹੋ ਜਾਂਦਾ ਹੈ। ਜੇ ਸੀਸ ਦੇ ਕੇ ਜ਼ੁਲਮ ਖ਼ਤਮ ਨਹੀਂ ਹੁੰਦਾ ਤਾਂ ਸੀਸ ਲੈ ਕੇ ਜ਼ੁਲਮ ਮਿਟਾਉਣ ਦਾ ਜਤਨ ਕਰਨਾ ਚਾਹੀਦਾ ਹੈ। ਇਹ ਉਪਦੇਸ਼ ਕਿੰਨਾ ਸੱਚਾ ਤੇ ਵਿਆਪਕ ਹੈ। ਪਹਿਲੇ ਮਹਾਂ-ਯੁੱਧ ਮਗਰੋਂ ਦੁਨੀਆਂ ਦੇ ਦੇਸ਼ਾਂ ਨੇ ਇਕ ਸੰਸਥਾ ਬਣਾਈ (League of Nations)। ਇਸ ਦਾ ਉਦੇਸ਼ ਸੀ ਸੰਸਾਰ ਦੇ ਦੇਸ਼ਾਂ ਵਿਚਕਾਰ ਲੜਾਈ ਨੂੰ ਰੋਕਣਾ। ਪਰ ਇਸ ਕੋਲ ਸਿਰਫ਼ ਸੁਲਾਹ-ਮਸ਼ਵਰਾ ਦੇ ਅਹਿੰਸਕ ਹਥਿਆਰ ਹੀ ਸਨ। ਇਹ ਸਫਲ ਨਹੀਂ ਹੋਈ ਕਿਉਂਕਿ ਇਸ ਕੋਲ ਲੜਦੇ ਦੇਸ਼ਾਂ ਵਿਚਕਾਰ ਲੜਾਈ ਰੁਕਵਾਉਣ ਦਾ ਕੋਈ ਸਫਲ ਤਰੀਕਾ ਨਹੀਂ ਸੀ। ਇਸ ਲਈ ਦੂਸਰਾ ਮਹਾਂ-ਯੁੱਧ ਨਾ ਰੋਕਿਆ ਜਾ ਸਕਿਆ। ਫਿਰ ਇਸ ਯੁੱਧ ਮਗਰੋਂ ਇਕ ਹੋਰ ਸੰਸਥਾ ਬਣਾਈ ਗਈ (U.N.O.) ਤੇ ਇਸ ਨੂੰ ਆਪਸੀ ਦੇਸ਼ਾਂ ਵਿਚਕਾਰ ਲੜਾਈ ਰੋਕਣ ਲਈ ਫੌਜਾਂ ਦੀ ਵਰਤੋਂ ਕਰਨ ਦਾ ਅਖਤਿਆਰ ਦੇ ਦਿੱਤਾ ਗਿਆ। ਫਲਸਰੂਪ ਇਹ ਹਾਲੀਂ ਤੱਕ ਕਈ ਦੇਸ਼ਾਂ ਵਿਚਕਾਰ ਲੜਾਈ ਰੋਕਣ ਵਿਚ ਸਫਲ ਹੋ ਗਈ। ਜਦੋਂ ਇਰਾਕ ਨੇ ਕੁਵੈਤ ਤੇ ਜ਼ਬਰੀ ਕਬਜ਼ਾ ਕਰ ਲਿਆ ਤਾਂ ਇਹ ਸੰਸਥਾ ਸ਼ਕਤੀ ਦੀ ਵਰਤੋਂ ਰਾਹੀਂ ਹੀ ਇਰਾਕ ਤੋਂ ਕੁਵੈਤ ਨੂੰ ਅਜ਼ਾਦ ਕਰਵਾ ਸਕੀ ਤੇ ਇਰਾਕ ਤੇ ਭਾਰੀ ਜੁਰਮਾਨਾ ਲਾ ਸਕੀ। ਇਹੀ ਗੱਲ ਤਾਂ ਗੁਰੂ ਜੀ ਨੇ ਸਿੱਖਾਂ ਨੂੰ ਕੋਈ ਤਿੰਨ ਸੌ ਸਾਲ ਪਹਿਲਾਂ ਕਹੀ। ਇਸੇ ਕਾਰਣ ਆਪ ਜੀ ਨੇ ਸਿੱਖਾਂ ਨੂੰ ਘੱਟੋ-ਘੱਟ ਕਿਰਪਾਨ ਧਾਰੀ ਹੋਣਾ ਸਿਖਾਇਆ। ਇਸੇ ਲਈ ਸਿੱਖ ਦੀ ਰਹਿਣੀ ਵਿਚ ਕਿਰਪਾਨ ਤੇ ਵਿਸ਼ੇਸ਼ ਜ਼ੋਰ ਹੈ।



Digitized by Panjab Digital Library | www.panjabdigilib.org

ਕਿਸੇ ਸਿੱਖ ਨੇ ਗੁਰੂ ਜੀ ਕੋਲੋਂ ਪੁਛਿਆ ਸੀ ਕਿ ਮਹਾਰਾਜ ਇਕ ਪਾਸੇ ਆਪ ਜੀ ਕਹਿੰਦੇ ਹੋ, "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ" ਤੇ ਦੂਸਰੇ ਪਾਸੇ ਆਪ ਜੀ ਤਲਵਾਰ ਚੁਕ ਕੇ ਵੈਰੀਆਂ ਦਾ ਖ਼ੂਨ ਕਰਨ ਨੂੰ ਕਹਿੰਦੇ ਹੋ। ਪ੍ਰੇਮ ਤੇ ਖ਼ੂਨ-ਖਰਾਬਾ ਆਪਸ ਵਿਚ ਵਿਰੋਧੀ ਗੱਲਾਂ ਲੱਗਦੀਆਂ ਹਨ। ਆਪ ਜੀ ਨੇ ਸਪਸ਼ਟ ਕੀਤਾ ਸੀ ਕਿ ਜਦੋਂ ਫੋੜਾ ਗੰਦਾ ਤੇ ਲਾਇਲਾਜ ਹੋ ਜਾਏ ਤਾਂ ਡਾਕਟਰ ਉਸ ਦਾ ਉਹ ਅੰਗ ਕੱਟ ਦਿੰਦਾ ਹੈ। ਡਾਕਟਰ ਇਹ ਸਭ ਪ੍ਰੇਮ ਭਾਵਨਾ ਨਾਲ ਹੀ ਕਰਦਾ ਹੈ। ਉਹ ਜਾਣਦਾ ਹੈ ਕਿ ਜੇ ਅੱਜ ਇਹ ਇਕ ਅੰਗ ਨਾ ਕੱਟਿਆ ਗਿਆ ਤਾਂ ਜ਼ਹਿਰ ਫੈਲ ਜਾਏਗਾ ਤੇ ਸ਼ਾਇਦ ਕਲ੍ਹ ਦੂਸਰਾ ਅੰਗ ਵੀ ਕੱਟਣਾ ਪਏ। ਉਸ ਦੀ ਹਿੰਸਾ ਵਿਚ ਵੀ ਪ੍ਰੇਮ ਹੀ ਸ਼ਾਮਲ ਹੈ। ਇਸ ਤਰ੍ਹਾਂ ਹੀ ਗੁਰੂ ਦਾ ਸਿੱਖ ਜਦੋਂ ਅਧਰਮੀ ਨੂੰ ਸਜ਼ਾ ਦੇਂਦਾ ਹੈ ਤਾਂ ਉਸ ਦੇ ਮਨ ਵਿਚ ਵੈਰ ਜਾਂ ਘਿਰਣਾ ਨਹੀਂ ਹੁੰਦੀ। ਉਹ ਅਧਰਮੀ ਨੂੰ ਧਰਮ ਦੇ ਪਾਸੇ ਲਾਉਣ ਲਈ ਹੀ ਇੱਦਾਂ ਕਰਦਾ ਹੈ। ਦੂਸਰੇ ਜੇ ਉਹ ਅਧਰਮੀ ਦੁੱਖ ਪਾਉਂਦਾ ਵੀ ਹੈ ਤਾਂ ਉਹ ਸਿੱਖ ਦੀ ਹਿੰਸਾ ਦੇ ਕਾਰਣ ਨਹੀਂ ਹੈ ਬਲਕਿ ਉਸ ਦੇ ਅਧਰਮ ਤੇ ਕੁਕਰਮਾਂ ਕਾਰਣ ਹੁੰਦਾ ਹੈ। ਉਸ ਦੇ ਦੁੱਖ ਦਾ ਕਾਰਣ ਉਹ ਆਪ ਹੈ ਸਿੱਖ ਨਹੀਂ। ਜੇ ਸਜ਼ਾ ਰਾਹੀਂ ਉਹ ਸੁਧਰ ਜਾਂਦਾ ਹੈ ਤੇ ਚੰਗੇ ਪਾਸੇ ਤੁਰ ਪੈਂਦਾ ਹੈ ਤਾਂ ਇਸ ਸਜ਼ਾ ਦੇ ਪਿੱਛੇ ਸਿੱਖ ਦਾ ਪ੍ਰੇਮ ਹੀ ਲੁਕਿਆ ਹੈ। ਗੁਰੂ ਜੀ ਨੇ ਕਿਹਾ ਕਿ ਜੀਵਨ ਸੰਘਰਸ਼ ਹੈ ਤੇ ਇਸ ਕੋਲੋਂ ਨਹੀਂ ਬਚਿਆ ਜਾ ਸਕਦਾ। ਇਸ ਸੰਘਰਸ਼ ਵਿਚ ਧਰਮ ਦਾ ਸਾਥ ਦੇਣ ਵਾਲਾ ਸਦਾ ਸੁਰਖਰੂ ਹੁੰਦਾ ਹੈ। ਉਸ ਦੀ ਹਮੇਸ਼ਾ ਜਿੱਤ ਹੁੰਦੀ ਹੈ। ਜੇ ਇਹ ਲੜਾਈ ਹਾਰ ਵੀ ਜਾਏ ਤਾਂ ਵੀ ਉਸ ਨੂੰ ਪ੍ਰਭੂ ਦੇ ਦਰਬਾਰ ਵਿਚ ਸਤਿਕਾਰਿਆ ਜਾਂਦਾ ਹੈ। ਧਰਮ ਹੇਤ ਜੋ ਸਾਕਾ ਕਰ ਜਾਂਦੇ ਹਨ ਉਨ੍ਹਾਂ ਦਾ ਮੂੰਹ ਦਰਗਾਹ ਵਿਚ ਸਦਾ ਉਜਲ ਹੁੰਦਾ ਹੈ। ਸਿੱਖ ਦਾ ਉਦੇਸ਼ ਅਧਰਮ ਨੂੰ ਮਿਟਾਉਣਾ ਹੈ, ਅਧਰਮੀ ਨੂੰ ਨਹੀਂ। ਇਸ ਵਿਚਾਰ ਦੀ ਪੁਸ਼ਟੀ ਗੁਰੂ ਜੀ ਦੇ ਜੀਵਨ ਤੋਂ ਵੀ ਮਿਲਦੀ ਹੈ। ਆਪ ਜੀ ਦੇ ਤੀਰ ਦੀ ਨੋਕ ਉਤੇ ਸੋਨਾ ਮੜ੍ਹਿਆ ਹੁੰਦਾ ਸੀ। ਇਹ ਗੁਰੂ ਜੀ ਦੇ ਪ੍ਰੇਮ ਦੀ ਨਿਸ਼ਾਨੀ ਸੀ। ਗੁਰੂ ਜੀ ਚਾਹੁੰਦੇ ਸਨ ਕਿ ਜੇ ਇਹ ਜ਼ਖ਼ਮੀ ਹੋ ਜਾਏ ਤਾਂ ਉਹ ਇਸ ਸੋਨੇ ਨੂੰ ਵੇਚ ਕੇ ਆਪਣੇ ਜ਼ਖ਼ਮਾਂ ਦਾ ਇਲਾਜ ਕਰਵਾ ਲਏ ਤੇ ਅਧਰਮ ਨੂੰ ਛੱਡ ਕੇ ਧਰਮ ਦੇ ਰਾਹ ਪਵੇ। ਤੇ ਜੇ ਉਹ ਮਰ ਜਾਏ ਤਾਂ ਇਹ ਸੋਨਾ ਵੇਚ ਕੇ ਉਸ ਦੀ ਅੰਤਮ ਕਿਰਿਆ ਚੰਗੇ ਢੰਗ ਨਾਲ ਕਰ ਲਈ ਜਾਏ। ਇਸ ਵਿਚ ਅਧਰਮੀ ਪ੍ਰਤੀ ਗੁਰੂ ਦਾ



Digitized by Panjab Digital Library | www.panjabdigilib.org

ਪਿਆਰ ਝਲਕਦਾ ਹੈ। ਸੋ ਅਧਰਮ ਨੂੰ ਮਿਟਾਉਣ ਲਈ ਅਧਰਮੀ ਨੂੰ ਸਜ਼ਾ ਦੇਣਾ ਜਾਂ ਜੰਗ ਵਿਚ ਅਧਰਮ ਦੀਆਂ ਫੌਜਾਂ ਨਾਲ ਲੜਨਾ ਤੇ ਜਿਤਣਾ ਜਾਂ ਸ਼ਹੀਦੀ ਪਾਣੀ, ਪ੍ਰੇਮ ਤੋਂ ਪ੍ਰਭਾਵਤ ਹੋ ਕੇ ਹੈ। ਪ੍ਰੇਮ ਵਿਚ ਤੇ ਸਜ਼ਾ ਦੇਣ ਵਿਚ ਕੋਈ ਵਿਰੋਧ ਨਹੀਂ ਜਦੋਂ ਤੱਕ ਭਾਵਨਾ ਪ੍ਰੇਮ ਕੇਂਦਰਿਤ ਹੈ।

○ ○ ○



Digitized by Panjab Digital Library | www.panjabdigilib.org

## ੧੩

# ਏਕਾ ਉਦੇਸ਼ ਦਾ ਪੰਜਵਾਂ ਉਪਦੇਸ਼

ਸੰਤ ਸਿਪਾਹੀ ਬਣਾ ਕੇ, ਅੰਮ੍ਰਿਤ ਛਕਾ ਕੇ ਤੇ ਖਾਲਸਾ ਪੰਥ ਸਜਾ ਕੇ, ਆਪ ਜੀ ਨੇ ਧਰਮ ਯੁੱਧ ਕਰਨ ਲਈ ਇਕ ਨਿਰਾਲੀ ਫੌਜ ਤਿਆਰ ਕਰ ਲਈ ਸੀ। ਹੁਣ ਗੁਰੂ ਜੀ ਕੋਲ ਐਸੇ ਸਿੰਘ ਸਨ ਜਿਨ੍ਹਾਂ ਦਾ ਦੇਸ਼ ਇਕ ਸੀ, ਕੌਮ ਇਕ ਸੀ, ਟੇਕ ਇਕ ਸੀ ਤੇ ਵੇਸ ਇਕ ਸੀ। ਇਹ ਸਭ ਕੁਝ ਕਰਨ ਦੇ ਬਾਅਦ ਆਪ ਜੀ ਨੇ ਸਿੱਖਾਂ ਨੂੰ ਆਪਣਾ ਉਦੇਸ਼ ਦੱਸਿਆ। ਆਪ ਜੀ ਨੇ ਕਿਹਾ ਕਿ ਸਿੰਘ "ਧਰਮ ਬਚਾਉਣਗੇ ਤੇ ਅਧਰਮ ਮਿਟਾਉਣਗੇ।" ਇਸ ਕੰਮ ਦੀ ਪੂਰਤੀ ਲਈ ਉਹ ਹਰ ਕੁਰਬਾਨੀ ਦੇਣਗੇ ਤੇ ਆਪਣੇ ਉਦੇਸ਼ ਤੋਂ ਕਦੀ ਪਿਛੇ ਨਹੀਂ ਹੱਟਣਗੇ। ਇਹ ਉਦੇਸ਼ ਦੱਸਣ ਬਾਅਦ ਆਪ ਜੀ ਨੇ ਖਾਲਸਾ ਪੰਥ ਨੂੰ ਕਿਹਾ ਕਿ ਪ੍ਰਭੂ ਕੋਲੋਂ ਵਰਦਾਨ ਮੰਗੋ ਕਿ ਉਹ ਆਪਣੇ ਉਦੇਸ਼ ਤੋਂ ਕਦੀ ਪਿਛੇ ਨਾ ਹੱਟਣ ਤੇ ਲੋੜ ਪਏ ਤਾਂ ਆਪਣਾ ਸਰੀਰ ਦੇ ਕੇ ਵੀਰ ਗਤੀ ਨੂੰ ਪ੍ਰਾਪਤ ਹੋਣ। ਗੁਰੂ ਜੀ ਨੇ ਖਾਲਸੇ ਨੂੰ ਪ੍ਰਭੂ ਅੱਗੇ ਇਹ ਅਰਦਾਸ ਕਰਨ ਲਈ ਕਿਹਾ—

— ਦੇਹ ਸ਼ਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਆਪਨੀ ਜੀਤ ਕਰੋਂ ॥
ਅਰੁ ਸਿਖ ਹੋ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਧਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ ।੨੩੧। (ਦਸਮ ਗ੍ਰੰਥ, ਪੰਨਾ ੯੯)

○ ○ ○



Digitized by Panjab Digital Library | www.panjabdigilib.org

# ੧੪
# ਬੀਰ ਰਸ

ਧਰਮ ਹਿਤ ਜੂਝਣ ਦੀ ਤਿਆਰੀ ਰੱਖਣ ਲਈ, ਆਪ ਜੀ ਨੇ ਖਾਲਸੇ ਨੂੰ ਬੀਰ ਰਸ ਦੀਆਂ ਕਹਾਣੀਆਂ ਤੇ ਕਵਿਤਾਵਾਂ ਸੁਨਾਉਣ ਦਾ ਪ੍ਰਬੰਧ ਕੀਤਾ। ਆਪ ਜੀ ਦੇ ਦਰਬਾਰ ਵਿਚ ੫੧ ਕਵੀ ਤੇ ੩੩ ਲਿਖਾਰੀ ਸਨ ਜਿਹੜੇ ਪੁਰਾਣੇ ਧਰਮ ਗ੍ਰੰਥਾਂ ਤੇ ਲੋਕ-ਕਾਵਿ ਵਿਚੋਂ ਇਸ ਪ੍ਰਕਾਰ ਦੀਆਂ ਕਥਾਵਾਂ ਲੱਭਦੇ ਰਹਿੰਦੇ ਸਨ ਤੇ ਇਨ੍ਹਾਂ ਦਾ ਆਮ ਬੋਲੀ ਵਿਚ ਅਨੁਵਾਦ ਕਰਕੇ ਖਾਲਸੇ ਨੂੰ ਸੁਣਾਉਂਦੇ ਸਨ। ਆਪ ਜੀ ਨੇ ਢਾਡੀ ਜਥੇ ਵੀ ਬਣਾਏ ਸਨ ਜਿਹੜੇ ਬੀਰ-ਗਾਥਾ ਨੂੰ ਲੋਕ-ਪ੍ਰਿਆ ਬਣਾ ਕੇ ਬੜੇ ਜੋਸ਼ੀਲੇ ਤੇ ਪ੍ਰਭਾਵੀ ਢੰਗ ਨਾਲ ਸੁਣਾਉਂਦੇ ਸਨ। ਆਪ ਜੀ ਨੇ ਸੰਸਕ੍ਰਿਤ ਤੇ ਫਾਰਸੀ ਦੇ ਕਵੀਆਂ ਤੇ ਵਿਦਵਾਨਾਂ ਨੂੰ ਆਪਣੇ ਕੋਲ ਮਾਨ ਤੇ ਆਦਰ ਨਾਲ ਰੱਖਿਆ ਤੇ ਉਨ੍ਹਾਂ ਕੋਲੋਂ ਪੁਰਾਣੇ ਧਰਮ ਗ੍ਰੰਥਾਂ ਦਾ, ਖਾਸ ਕਰਕੇ ਵੀਰਤਾ ਵਾਲੇ ਗ੍ਰੰਥਾਂ ਦਾ, ਅਸਾਨ ਭਾਸ਼ਾ ਵਿਚ ਅਨੁਵਾਦ ਕਰਾਇਆ। ਆਪ ਜੀ ਨੇ ਆਪ ਵੀ ਬਹੁਤ ਕੁਝ ਲਿਖਿਆ। ਆਪ ਜੀ ਦੀ ਰਚਨਾ "ਦਸਮ ਗ੍ਰੰਥ" ਵਿਚ ਮਿਲਦੀ ਹੈ। ਇਸ ਦੇ ੧੪੨੮ ਪੰਨੇ ਹਨ (ਗੁਰੂ ਗ੍ਰੰਥ ਸਾਹਿਬ ਜੀ ਦੇ ੧੪੩੦ ਪੰਨੇ ਹਨ) ਤੇ ੧੭੪੦੦ ਤੁਕਾਂ ਹਨ। ਬਹੁਤਾ ਕਰਕੇ ਇਹ ਪ੍ਰਭੂ ਦੇ ਸ਼ਕਤੀਸ਼ਾਲੀ ਗੁਣ ਤੇ ਦੇਸ਼ ਦੇ ਪੁਰਾਣੇ ਮਿਥਿਹਾਸ ਦੀਆਂ ਬੀਰ ਕਥਾਵਾਂ ਨੂੰ ਵਰਨਣ ਕਰਦੇ ਹਨ।

○ ○ ○



Digitized by Panjab Digital Library | www.panjabdigilib.org

# ੧੫
# ਆਨੰਦਪੁਰ ਸਾਹਿਬ ਦੀਆਂ ਚਾਰ ਲੜਾਈਆਂ

ਖਾਲਸਾ ਪੰਥ ਸੰਨ ੧੬੯੯ ਵਿਚ ਸਾਜਿਆ ਗਿਆ। ਇਸ ਵਿਚ ਭਾਰੀ ਗਿਣਤੀ ਵਿਚ ਅਖੌਤੀ ਨੀਵੀ ਜਾਤਾਂ ਵਾਲੇ, ਚੁਮਾਰ, ਭੰਗੀ, ਨਾਈ, ਛੀਂਬੇ ਆਦਿ ਸ਼ਾਮਲ ਸਨ। ਉੱਚੀ ਜਾਤੀ ਵਾਲੇ ਪਹਾੜੀ ਰਾਜਿਆਂ ਨੂੰ ਨੀਵੀਂ ਜਾਤੀ ਦੇ ਲੋਕਾਂ ਨੂੰ ਗੁਰੂ ਜੀ ਦਾ ਹਥਿਆਰ ਫੜਾਣਾ ਚੰਗਾ ਨਹੀਂ ਲੱਗਾ। ਉਨ੍ਹਾਂ ਦਾ ਮਤ ਸੀ ਕਿ ਹਥਿਆਰ ਪਕੜਣਾ ਤੇ ਵਰਤਣਾ ਕੇਵਲ ਸ਼ੱਤਰੀਆਂ ਦਾ ਜਮਾਂਦਰੂ ਹੱਕ ਹੈ ਤੇ ਗੁਰੂ ਜੀ ਨੇ ਨੀਵ ਜ ਾਤੀ ਵਾਲਿਆਂ ਨੂੰ ਹਥਿਆਰ ਫੜਾ ਕੇ ਉਨ੍ਹਾਂ ਕੋਲੋਂ ਇਹ ਹੱਕ ਖੋਹਿਆ ਹੈ। ਇਸ ਲਈ ਸ਼ਤਰੀ ਵਰਗ ਗੁਰੂ ਜੀ ਦੇ ਵਿਰੁੱਧ ਹੋ ਗਿਆ। ਸਿੰਘਾਂ ਵਿਚ "ਏਕੁ ਪਿਤਾ ਏਕਸ ਕੇ ਹਮ ਬਾਰਕ' ਨੂੰ ਪ੍ਰਚਾਰ ਕੇ ਤੇ ਆਪਣੇ ਧਰਮ-ਕਰਮ ਆਪ ਕਰਨੇ ਸਿਖਾ ਕੇ, ਗੁਰੂ ਜੀ ਨੇ ਬ੍ਰਾਹਮਣਾਂ ਕੋਲੋਂ ਵੀ ਉਨ੍ਹਾਂ ਦਾ ਇਹ ਹੱਕ ਖੋਹ ਲਿਆ ਤੇ ਗਰੀਬਾਂ ਦੀ ਛਿਲ ਲਾਹੁਣ ਦਾ ਇਹ ਧੰਧਾ ਬੰਦ ਕਰ ਦਿੱਤਾ। ਇਸ ਲਈ ਬ੍ਰਾਹਮਣ ਵੀ ਗੁਰੂ ਜੀ ਦੇ ਖਿਲਾਫ ਹੋ ਗਏ। ਇਨ੍ਹਾਂ ਅਖੌਤੀ ਨੀਵੀਆਂ ਜਾਤਾਂ ਵਾਲਿਆਂ ਨੂੰ ਉੱਚੀ ਜਾਤੀ ਵਾਲਿਆਂ ਦੇ ਸਭ ਪ੍ਰਕਾਰ ਦੇ ਕੰਮ-ਧੰਧੇ ਕਰਨ ਦੀ ਆਗਿਆ ਦੇ ਕੇ, ਗੁਰੂ ਜੀ ਨੇ ਬਿਉਪਾਰੀ ਵਰਗ ਨੂੰ ਵੀ ਆਪਣੇ ਵਿਰੁੱਧ ਕਰ ਲਿਆ। ਗੁਰੂ ਜੀ ਨੇ ਭਾਰਤ ਦੀ ੧੦ ਪ੍ਰਤੀਸ਼ਤ ਉੱਚੀ ਜਾਤੀ ਦੇ ਸ਼ਤਰੀ-ਬ੍ਰਹਮ-ਵੈਸ਼ ਦੀ ਚੁੰਗਲ ਤੋਂ ਦੇਸ਼ ਦੀ ੯੦ ਪ੍ਰਤੀਸ਼ਤ ਆਬਾਦੀ ਨੂੰ ਬਚਾ ਲਿਆ। ਕਿੰਨਾ ਅਨਿਆਏ ਸੀ ਕਿ ਥੋੜ੍ਹੇ ਜਿਹੇ ਲੋਕ ਇਕ ਵੱਡੀ ਆਬਾਦੀ ਨੂੰ ਗੁਲਾਮ ਬਣਾ ਕੇ ਰੱਖ ਸਕਣ। ਜ਼ਾਹਰ ਸੀ ਕਿ ਇਹ ਅਧਰਮੀ ਗੁਰੂ ਜੀ ਵਿਰੋਧੀ ਹੋ ਗਏ।

ਇਨ੍ਹਾਂ ਲੋਕਾਂ ਨੇ ਪਹਾੜੀ ਰਾਜਿਆਂ ਨੂੰ ਚੁਕਿਆ ਤੇ ਇਨ੍ਹਾਂ ਰਾਜਿਆਂ ਨੇ ਗੁਰੂ ਜੀ ਦੇ ਵਿਰੁੱਧ ਲੜਨ ਲਈ ਮੁਗਲ ਹਕੂਮਤ ਦੀ ਮਦਦ ਮੰਗੀ। ਇਹ ਹਕੂਮਤ



Digitized by Panjab Digital Library | www.panjabdigilib.org

ਆਪ ਵੀ ਚਾਹੁੰਦੀ ਸੀ ਕਿ ਇਹ ਰਾਜੇ ਇਸ ਦੀ ਆਨ ਮੰਨਦੇ ਰਹਿਣ ਤੇ ਇਨ੍ਹਾਂ ਰਾਹੀਂ ਇਹ ਹਿੰਦੂ ਧਰਮ ਤੇ ਸਿੱਖ ਧਰਮ ਵਿਚ **ਦਖਲ** ਦੇ ਸਕੇ। ਹਕੂਮਤ ਦੀ ਸ਼ਹਿ ਪਾ ਕੇ ਪਹਾੜੀ ਰਾਜਿਆਂ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਖਾਲੀ ਕਰਨ ਲਈ ਕਿਹਾ।

ਅਨੰਦਪੁਰ ਸਾਹਿਬ **ਦੀ ਪਹਿਲੀ ਲੜਾਈ ਸੰਨ** ੧੭੦੦ **ਵਿਚ,** ਯਾਨੀ ਖਾਲਸਾ ਸਾਜਣ ਦੇ ਅਗਲੇ ਸਾਲ, ਹੋਈ। ਇਨ੍ਹਾਂ ਰਾਜਿਆਂ ਨੇ ਗੁਰੂ ਜੀ ਕੋਲੋਂ ਅਨੰਦਪੁਰ ਸਾਹਿਬ ਦੀ ਜ਼ਮੀਨ ਦਾ ਕਿਰਾਇਆ ਮੰਗਿਆ ਤੇ ਗੁਰੂ ਜੀ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਇਹ ਜ਼ਮੀਨ ਪੂਰਾ ਮੁੱਲ ਤਾਰ ਕੇ ਖਰੀਦੀ ਹੋਈ ਹੈ ਤੇ ਇਸ ਲਈ ਕਿਰਾਇਆ ਦੇਣ ਦਾ ਕੋਈ ਸਵਾਲ ਨਹੀਂ। ਇਨ੍ਹਾਂ ਰਾਜਿਆਂ ਨੇ ਮੁਗਲ ਹਕੂਮਤ ਕੋਲੋਂ ਮਦਦ ਮੰਗੀ। ਖਾਲਸੇ ਅਤੇ ਮੁਗਲੀ/ਪਹਾੜੀ ਫੌਜ ਵਿਚ ਪਹਿਲੀ ਲੜਾਈ ਹੋਈ ਤੇ ਮੁਗ਼ਲ ਫੌਜ ਹਾਰ ਖਾ ਕੇ ਭਜ ਗਈ। ਇਸ ਦੇ ਜਰਨੈਲ ਪੈਂਦੇ ਖਾਂ ਨੇ ਆਪਣੀ ਪਤ ਬਚਾਉਣ ਲਈ ਗੁਰੂ ਜੀ ਨੂੰ ਆਮ੍ਹਣੇ-ਸਾਮ੍ਹਣੇ ਆ ਕੇ ਲੜਨ ਲਈ ਵੰਗਾਰਿਆ। ਗੁਰੂ ਜੀ ਨੇ ਉਸ ਨੂੰ ਪਹਿਲਾ ਵਾਰ ਕਰਨ ਲਈ ਆਖਿਆ। ਉਸ ਨੇ ਦੋ ਤੀਰ ਮਾਰੇ ਪਰ ਦੋਵੇਂ ਵਾਰ ਖਾਲੀ ਗਏ। ਗੁਰੂ ਜੀ ਨੇ ਇਕ ਐਸਾ ਤੀਰ ਮਾਰਿਆ ਜਿਹੜਾ ਉਸ ਦੇ ਸਿਰ ਦੇ ਆਰ-ਪਾਰ ਹੋ ਗਿਆ (ਇਕ ਕੰਨ ਵਿਚੋਂ ਹੋ ਕੇ ਦੂਸਰੇ ਕੰਨੋਂ ਬਾਹਰ ਗਿਆ) ਤੇ ਉਹ ਥਾਂਵੇਂ ਹੀ ਮਰ ਗਿਆ। ਇਦਾਂ ਸਿੱਖਾਂ ਨੇ ਪਹਿਲੀ ਲੜਾਈ ਜਿੱਤੀ।

**ਦੂਸਰੀ ਲੜਾਈ ਨਵੰਬਰ** ੧੭੦੧ **ਵਿਚ ਹੋਈ**—ਪਹਾੜੀ ਤੇ ਮੁਗਲੀ ਫੌਜਾਂ ਇਹ ਲੜਾਈ ਵੀ ਨਾ ਜਿੱਤ ਸਕੀਆਂ। ਉਨ੍ਹਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਡੀ ਨੱਕ ਰੱਖਣ ਲਈ ਆਪ ਜੀ ਥੋੜ੍ਹੇ ਸਮੇਂ ਲਈ ਕਿਲ੍ਹਾ ਖਾਲੀ ਕਰ ਦਿਉ ਤਾਂ ਕਿ ਅਸੀਂ ਸੂਬੇ ਨੂੰ ਕਹਿ ਸਕੀਏ ਕਿ ਕਿਲ੍ਹਾ ਖਾਲੀ ਕਰਵਾ ਲਿਆ ਹੈ ਤੇ ਆਪ ਜੀ ਫਿਰ ਮੁੜ ਕਿਲ੍ਹੇ ਵਿਚ ਵਾਪਸ ਆ ਜਾਣਾ। ਗੁਰੂ ਜੀ ਇਸ ਚਾਲ ਨੂੰ ਸਮਝਦੇ ਸਨ ਤੇ ਕਿਲ੍ਹਾ ਖਾਲੀ ਕਰਨ ਨੂੰ ਤਿਆਰ ਨਹੀਂ ਸਨ। ਪਰ ਸਿੱਖਾਂ ਦੇ ਇਸਰਾਰ ਤੇ ਕਿ ਬੇਲੋੜੀ ਜੰਗ ਨਾ ਕੀਤੀ ਜਾਏ, ਆਪ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਹਰ ਆਉਂਦਿਆਂ ਸਾਰ ਮੁਗਲ ਫੌਜਾਂ ਨੇ ਖਾਲਸਾ ਫੌਜ ਤੇ ਹਮਲਾ ਕਰ ਦਿੱਤਾ, ਪਰ ਮੁਗਲ ਫੌਜ ਹਾਰ ਗਈ ਤੇ ਸਿੰਘ ਮੁੜ ਕਿਲ੍ਹੇ ਵਿਚ ਦਾਖਲ ਹੋ ਗਏ।



Digitized by Panjab Digital Library | www.panjabdigilib.org

**ਤੀਸਰੀ ਲੜਾਈ ਸੰਨ ੧੭੦੩ ਵਿਚ ਹੋਈ**—ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ ਲੜਨ ਲਈ ਦੋ ਮੁਗਲ ਜਰਨੈਲਾਂ ਤੇ ਉਨ੍ਹਾਂ ਦੀਆਂ ਫੌਜਾਂ ਨੂੰ 2000 ਰੁਪਏ ਰੋਜ਼ਾਨਾ ਦੇਣਾ ਕਰਕੇ ਆਂਦਾ । ਇਸ ਫੌਜ ਦਾ ਇਕ ਜਰਨੈਲ ਸਯਦ ਬੇਗ ਸੀ । ਉਸ ਸੋਚਿਆ ਕਿ ਜੇ ਗੁਰੂ ਜੀ ਸੱਚਾ ਪੀਰ ਹੈ ਤਾਂ ਇਸ ਨਾਲ ਪੈਸਿਆਂ ਦੀ ਖਾਤਰ ਲੜਨਾ ਠੀਕ ਨਹੀਂ । ਉਸ ਨੇ ਮਨ ਵਿਚ ਧਾਰਿਆ ਕਿ ਜੇ ਗੁਰੂ ਸੱਚਾ ਪੀਰ ਹੈ ਤਾਂ ਉਸ ਦੇ ਸਾਮ੍ਹਣੇ ਆ ਕੇ ਦਰਸ਼ਨ ਦੇਵੇ । ਅੰਤਰਜਾਮੀ ਗੁਰੂ ਜੀ ਨੇ ਇੱਦਾਂ ਹੀ ਕੀਤਾ । ਉਹ ਜਰਨੈਲ ਗੁਰੂ ਜੀ ਦੀ ਸ਼ਰਨ ਆ ਗਿਆ ਤੇ ਦੂਸਰਾ ਜਰਨੈਲ ਲੜਾਈ ਵਿਚ ਮਾਰਿਆ ਗਿਆ । ਇੱਦਾਂ ਇਹ ਤੀਸਰੀ ਜੰਗ ਵੀ ਖਾਲਸੇ ਨੇ ਜਿੱਤ ਲਈ ।

**ਚੌਥੀ ਤੇ ਅਖੀਰਲੀ ਲੜਾਈ ਅਪਰੈਲ ੧੭੦੪ ਵਿਚ ਹੋਈ**—ਅੱਠ ਮਹੀਨਿਆਂ ਦੀ ਨਾਕਾ-ਬੰਦੀ ਦੇ ਬਾਵਜੂਦ ਵੀ ਪਹਾੜੀ ਰਾਜਿਆਂ ਤੇ ਸਰਹੰਦ-ਲਾਹੌਰ-ਦਿੱਲੀ ਦੀ ਕੱਠੀ ਫੌਜ ਖਾਲਸੇ ਕੋਲੋਂ ਕਿਲ੍ਹਾ ਖਾਲੀ ਨਾ ਕਰਾ ਸਕੀ । ਕਈ ਸਿਆਣਿਆਂ (EXPERTS) ਦਾ ਮਤ ਹੈ ਕਿ ਕਿਲ੍ਹੇ ਦੀ ਬਣਤਰ ਐਸੀ ਸੀ ਕਿ ਉਸ ਨੂੰ ਜਿਤਣਾ ਲਗਭਗ ਨਾਮੁਮਕਿਨ ਸੀ । ਪਰ ਲੰਬੇ ਘੇਰੇ ਦੇ ਕਾਰਣ ਕਈ ਸਿੰਘਾਂ ਨੇ ਲੜਨੋਂ ਨਾਂਹ ਕਰ ਦਿੱਤੀ ਤੇ ਗੁਰੂ ਜੀ ਦਾ ਸਾਥ ਛੱਡ ਦਿੱਤਾ । ਕਈਆਂ ਨੇ ਗੁਰੂ ਜੀ ਨੂੰ ਲੜਾਈ ਬੰਦ ਕਰਨ ਤੇ ਕਿਲ੍ਹਾ ਛੱਡਣ ਦੀ ਸਲਾਹ ਦਿੱਤੀ । ਇਸ ਸਥਿਤੀ ਤੇ ਮਹਾਭਾਰਤ ਦੇ ਯੁਧ ਵਿਚ ਕੋਈ ਬਹੁਤਾ ਫ਼ਰਕ ਨਹੀਂ ਲੱਗਦਾ ।

ਉਸ ਲੜਾਈ ਵਿਚ ਇਕ ਪਾਸੇ ਅਧਰਮੀ ਕੌਰਵ ਦੀ ਫੌਜ ਤੇ ਦੂਸਰੇ ਪਾਸੇ ਧਰਮੀ ਪਾਂਡਵ ਦੀ ਫੌਜ ਸੀ । ਪਾਂਡਵਾਂ ਦੀ ਫੌਜ ਦੀ ਗਿਣਤੀ ਬਹੁਤ ਘੱਟ ਸੀ ਤੇ ਤੇ ਇਸ ਕਾਰਣ ਇਸਦੇ ਸਿਪਾਹੀ ਲੜਨੋਂ ਘਬਰਾਂਦੇ ਸਨ । ਉਨ੍ਹਾਂ ਨੂੰ ਮੌਤ ਨਿਸ਼ਚਿਤ ਲੱਗਦੀ ਸੀ । ਉਨ੍ਹਾਂ ਦਾ ਆਗੂ ਅਰਜਨ ਵੀ ਲੜਨ ਨੂੰ ਤਿਆਰ ਨਹੀਂ ਸੀ । ਉਹ ਸੋਚਦਾ ਸੀ ਕਿ ਐਨੇ ਖ਼ੂਨ ਖਰਾਬੇ ਦੇ ਬਾਦ ਜੇ ਉਸ ਨੇ ਜੰਗ ਜਿੱਤ ਵੀ ਲਈ ਤਾਂ ਵੀ ਕੀ ਹਾਸਲ ? ਆਪਣੇ ਰਿਸ਼ਤੇਦਾਰ ਤੇ ਐਨੇ ਸਿਪਾਹੀ ਮਰਵਾ ਕੇ ਰਾਜ ਹਾਸਲ ਕਰਨ ਵਿਚ ਕੀ ਸਾਰ ਹੈ ? ਪਰ ਭਗਵਾਨ ਕ੍ਰਿਸ਼ਨ, ਅਰਜਨ ਦਾ ਸਲਾਹਕਾਰ, ਉਸ ਨੂੰ ਸਮਝਾਂਦਾ ਹੈ ਕਿ ਸਵਾਲ ਯੁਧ ਜਿੱਤਣ ਜਾਂ ਹਾਰਣ ਦਾ ਨਹੀਂ ਹੈ । ਸਵਾਲ ਮਰਣ ਜਾਂ ਬਚਣ ਦਾ ਵੀ ਨਹੀਂ ਹੈ । ਸਵਾਲ ਅਧਰਮ ਦੇ ਖਿਲਾਫ ਲੜਣ ਦਾ ਹੈ । ਇਹੀ ਗੱਲ ਗੁਰੂ ਜੀ ਸਿੰਘਾਂ ਨੂੰ ਸਮਝਾ ਰਹੇ ਸਨ । ਪਰ ਉਦੋਂ ਅਰਜਨ ਕ੍ਰਿਸ਼ਨ ਦੀ ਗੱਲ



Digitized by Panjab Digital Library | www.panjabdigilib.org

ਮੰਨ ਗਿਆ ਪਰ ਇਥੇ ਸਿੰਘਾਂ ਨੇ ਗੁਰੂ ਦੀ ਗੱਲ ਨਹੀਂ ਮਨੀ। ਸੋ ਗੁਰੂ ਜੀ ਨੇ ਸਿੰਘਾਂ ਦੀ ਮੰਨਦੇ ਹੋਏ ਕਿਲ੍ਹਾ ਖਾਲੀ ਕਰ ਦਿੱਤਾ। ਗੁਰੂ ਜੀ ਜਾਣਦੇ ਸਨ ਕਿ ਇਹ ਫੈਸਲਾ ਗ਼ਲਤ ਹੈ ਪਰ ਆਪ ਜੀ ਸਿੰਘਾਂ ਨੂੰ ਆਪਣੇ ਫੈਸਲੇ ਆਪ ਕਰਨ ਤੇ ਉਨ੍ਹਾਂ ਕੋਲੋਂ ਅਨੁਭਵ ਲੈਣਾ ਸਿਖਾਣਾ ਚਾਹੁੰਦੇ ਸਨ। ਪਰ ਬਾਹਰ ਆਉਂਦਿਆਂ ਸਾਰ ਮੁਗ਼ਲੀ ਫੌਜਾਂ ਨੇ ਖਾਲਸਾ ਫੌਜ ਤੇ ਹੱਲਾ ਬੋਲ ਦਿੱਤਾ। ਇਸ ਧੋਖੇ ਦੀ ਲੜਾਈ ਵਿਚ ਬਹੁਤ ਸਾਰੇ ਸਿੰਘ ਸ਼ਹੀਦ ਹੋਏ ਤੇ ਬਹੁਤ ਸਾਰਾ ਸਾਮਾਨ ਤੇ ਲਿਟਰੇਚਰ ਸਰਸਾ ਨਦੀ ਵਿਚ ਰੁੜ੍ਹ ਗਿਆ।

ਇੱਦਾਂ ਸਜਾਏ ਖਾਲਸਾ ਪੰਥ ਨੂੰ ਲੈ ਕੇ ਆਪ ਜੀ ਨੇ ਅਧਰਮ ਦੇ ਵਿਰੁੱਧ ਕਈ ਲੜਾਈਆਂ ਲੜੀਆਂ। ਆਪ ਜੀ ਨੇ ਜ਼ਾਲਮ ਹਕੂਮਤ ਨੂੰ ਦੱਸ ਦਿੱਤਾ ਕਿ ਖਾਲਸਾ ਅਨਿਆਏ ਦੇ ਵਿਰੁੱਧ ਲੜੇਗਾ ਤੇ ਹਕੂਮਤ ਕਿਸੇ ਵੀ ਦੇਸ਼ਵਾਸੀ ਨੂੰ ਡਰਾ ਕੇ ਧਰਮ ਛੱਡਣ ਲਈ ਮਜਬੂਰ ਨਹੀਂ ਕਰ ਸਕੇਗੀ। ਖਾਲਸਾ ਲੜੇਗਾ, ਮਰੇਗਾ ਪਰ ਅਧਰਮ ਨਹੀਂ ਸਹੇਗਾ। ਅਧਰਮ ਵਿਰੁੱਧ ਖਾਲਸੇ ਦਾ ਝੰਡਾ ਸਦਾ ਉੱਚਾ ਰਹੇਗਾ।

○○○



Digitized by Panjab Digital Library | www.panjabdigilib.org

## ੧੬
# ਛੋਟੇ ਸਾਹਿਬਜ਼ਾਦਿਆਂ ਦਾ ਕੰਧਾਂ ਵਿਚ ਚਿਣਾਉਣਾ

ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਦੇ ਸਮੇਂ ਆਪ ਜੀ ਦਾ ਟੱਬਰ ਖਿੰਡ ਗਿਆ। ਆਪ ਜੀ ਦੇ ਦੋ ਛੋਟੇ ਸਾਹਿਬਜ਼ਾਦੇ (ਬਾਬਾ ਜ਼ੋਰਾਵਰ ਸਿੰਘ ਉਮਰ ੯ ਸਾਲ ਤੇ ਬਾਬਾ ਫਤਹਿ ਸਿੰਘ ਉਮਰ ੭ ਸਾਲ) ਮਾਤਾ ਗੁਜਰੀ (ਬਾਅਦ ਦਾ ਨਾਂ ਗੁਰਜੀਤ ਕੌਰ) ਦੀ ਪਾਰਟੀ ਵਿਚ ਚਲੇ ਗਏ, ਦੂਸਰੇ ਦੋ ਵਡੇ ਸਾਹਿਬਜ਼ਾਦੇ (ਬਾਬਾ ਅਜੀਤ ਸਿੰਘ ਉਮਰ ੧੭ ਸਾਲ ਤੇ ਬਾਬਾ ਜੁਝਾਰ ਸਿੰਘ ਉਮਰ ੧੪ ਸਾਲ) ਆਪ ਜੀ ਦੀ ਪਾਰਟੀ ਵਿਚ ਚਲੇ ਆਏ, ਤੇ ਆਪ ਜੀ ਦੇ ਮਹਲ (ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ) ਤੀਸਰੀ ਪਾਰਟੀ ਵਿਚ ਚਲੇ ਗਏ।

ਪਹਿਲੀ ਪਾਰਟੀ ਦੇ ਮੈਂਬਰ ਫਰੇਬੀ ਗੰਗੂ ਨੇ ਸਰਹੰਦ ਦੇ ਨਵਾਬ ਦੇ ਹਵਾਲੇ ਕਰ ਦਿੱਤੇ। ਵਕਤ ਦੀ ਹਕੂਮਤ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ। ਉਨ੍ਹਾਂ ਉੱਤਰ ਦਿੱਤਾ, "ਧਰਮ ਤਿਆਗਣ ਨਾਲ ਗੁਰੂਆਂ ਦੇ ਉਪਦੇਸ਼ ਨੂੰ ਹਾਨੀ ਹੁੰਦੀ ਹੈ। ਜੇ ਧਰਮ ਚਲਾ ਗਿਆ ਤਾਂ ਫਿਰ ਕੀ ਗਤ ਹੈ। ਇਸ ਲਈ ਸੀਸ ਦੇਣਾ ਹੀ ਠੀਕ ਹੈ। ਕੰਧਾਂ ਵਿਚ ਚਿਣਾ ਦਿਉ, ਅਸੀਂ ਧਰਮ ਨਹੀਂ ਛਡਾਂਗੇ।" ਉਨ੍ਹਾਂ ਕਿਹਾ "ਦਸ ਪਾਤਸ਼ਾਹੀ ਹੋਵੈ ਹਾਨ। ਸੀਸ ਦੇਵੈ ਹੈ ਸਹੀ, ਏਹ ਨਾ ਮਾਨੋ ਬਾਤ। ਧਰਮ ਜਾਇ ਤਬ ਕਉਨ ਗਤਿ, ਇਹ ਪ੍ਰਗਟ ਬਿਪਾਤਿ।" ਇਹ ਕਹਿਣ ਤੇ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਣੇ ਤਾਂ ਕੀ ਕਰੋਗੇ, ਸਾਹਿਬਜ਼ਾਦਿਆਂ ਕਿਹਾ, "ਅਸੀਂ ਫੌਜ ਇਕੱਠੀ ਕਰਾਂਗੇ ਤੇ ਅਧਰਮ ਦੇ ਵਿਰੁੱਧ ਲੜਾਂਗੇ।" ਇਹ ਪੁਛਣ ਤੇ ਕਿ ਜੇ ਹਾਰ ਗਏ ਤਾਂ ਕੀ ਕਰੋਗੇ, ਉਨ੍ਹਾਂ ਕਿਹਾ, "ਫਿਰ ਫੌਜਾਂ ਇਕੱਠੀਆਂ ਕਰਾਂਗੇ ਤੇ ਫਿਰ ਧਰਮ ਯੁੱਧ ਕਰਾਂਗੇ।" ਬੱਚਿਆਂ ਨੇ ਗੱਲ ਮੁਕਾਂਦੇ ਕਿਹਾ—



Digitized by Panjab Digital Library | www.panjabdigilib.org

—ਹਮਰੇ ਬੰਸ ਰੀਤ ਇਮ ਆਈ,
ਸੀਸ ਦੇਤ ਪਰ ਧਰਮ ਨਹ ਜਾਈ।

ਹਕੂਮਤ ਕੌੜਾ ਸੱਚ ਨਾ ਸੁਣ ਸਕੀ ਤੇ ਮਾਸੂਮ ਬੱਚਿਆਂ ਨੂੰ ੨੭ ਦਿਸੰਬਰ ੧੭੦੪ ਨੂੰ ਜਿਉਂਦੇ ਕੰਧਾਂ ਵਿਚ ਚਿਣ ਦਿੱਤਾ ਗਿਆ। ਬਿਰਧ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਤੋਂ, ਜਿਥੇ ਉਹ ਕੈਦ ਸਨ, ਧਕਾ ਦੇ ਕੇ ਮਾਰ ਦਿੱਤਾ ਗਿਆ।

○ — —



Digitized by Panjab Digital Library | www.panjabdigilib.org

੧੭

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਦੂਸਰੀ ਪਾਰਟੀ ਵਿਚ ਗੁਰੂ ਜੀ ਤੇ ਵੱਡੇ ਸਾਹਿਬਜ਼ਾਦੇ ਸਨ। ਇਹ ਪਾਰਟੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਫਿਰਦੀ ਫਿਰਾਂਦੀ ਚਮਕੌਰ ਪਹੁੰਚ ਗਈ। ਮੁਗ਼ਲ ਫੌਜ ਨੇ ਜਿਹੜੀ ਗੁਰੂ ਜੀ ਦਾ ਪਿੱਛਾ ਕਰਦੀ ਆ ਰਹੀ ਸੀ, ਆਪ ਜੀ ਨੂੰ ਇਸ ਸਥਾਨ ਤੇ ਘੇਰ ਲਿਆ। ਇਸ ਚਮਕੌਰ ਦੀ ਕੱਚੀ ਗੜ੍ਹੀ ਵਿਚ, ਜਿਥੇ ਗੁਰੂ ਜੀ ਨੇ ਮੋਰਚਾ ਬਣਾਇਆ, ਆਪ ਜੀ ਨਾਲ ਸਿਰਫ ਚਾਲੀ ਸਿੰਘ ਸਨ ਜਦੋਂ ਕਿ ਮੁਗਲ ਫੌਜ ਦੀ ਗਿਣਤੀ ੧੦ ਲੱਖ ਦੇ ਕਰੀਬ ਸੀ। ਇਸ ਦੀ ਗਵਾਹੀ ਗੁਰੂ ਜੀ ਆਪਣੇ ਔਰੰਗੇ ਨੂੰ ਲਿਖੇ ਜ਼ਫਰਨਾਮੇ ਵਿਚ ਦੇਂਦੇ ਹਨ। ਆਪ ਜੀ ਨੇ ਫਾਰਸੀ ਵਿਚ ਲਿਖਿਆ—

—ਗੁਰ ਸਨਾਹ ਕਿ ਕਾਰੇ ਕੁਨੰਦ ਚਿਹਲਨਰ।
ਕਿ ਦਹਿ ਲਕ ਬਰ ਆਇਦ ਬਰੋ ਬੇਖਬਰ। ੧੯।

ਸਿੰਘ ਪੰਜ-ਪੰਜ ਦੀਆਂ ਟੁਕੜੀਆਂ ਵਿਚ ਗੜ੍ਹੀ ਤੋਂ ਬਾਹਰ ਨਿਕਲਦੇ ਤੇ ਬਾਹਰ ਲੱਖਾਂ ਦੀ ਗਿਣਤੀ ਦੀ ਮੁਗ਼ਲ ਫੌਜ ਉਪਰ ਟੁਟ ਪੈਂਦੇ। ਵੈਰੀਆਂ ਦਾ ਭਾਰੀ ਨੁਕਸਾਨ ਕਰਕੇ ਆਪ ਸ਼ਹੀਦੀ ਪ੍ਰਾਪਤ ਕਰਦੇ। ਫਿਰ ਦੂਸਰਾ ਜਥਾ ਲੜਣ ਲਈ ਬਾਹਰ ਆਂਦਾ। ਇਕ ਜਥੇ ਨਾਲ ਵਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਲੜਨ ਗਏ। ਗੁਰੂ ਜੀ ਨੇ ਅਸ਼ੀਰਵਾਦ ਦਿੱਤਾ ਤੇ ਕਿਹਾ ਕਿ ਧਰਮ ਲਈ ਜੂਝਣ ਦਾ ਅਵਸਰ ਹੈ, ਜ਼ਰੂਰ ਲੜੋ। ਬਾਬਾ ਅਜੀਤ ਸਿੰਘ ਨੇ ੨੨-੧੨-੧੭੦੪ ਨੂੰ ਸ਼ਹੀਦੀ ਪਾਈ। ਇਹ ਸੁਣ ਕੇ ਛੋਟੇ ਸਾਹਿਬਜ਼ਾਦੇ ਬਾਬਾ ਜੁਝਾਰ ਸਿੰਘ ਜੀ ਨੇ ਬਾਹਰ ਜਾਣ ਦੀ ਆਗਿਆ ਮੰਗੀ। ਉਸੇ ਦਿਨ ਬਾਬਾ ਜੀ ਆਪਣੇ ਵਡੇ ਭਰਾਤਾ ਵਾਂਗ ਵੀਰ-ਗਤੀ ਨੂੰ ਪ੍ਰਾਪਤ ਹੋਏ। ਆਪ ਜੀ ਲਿਖਦੇ ਹਨ ਕਿ ਜੁਝਾਰ ਸਿੰਘ ਜੰਗ ਦੇ ਮੈਦਾਨ ਵਿਚ



Digitized by Panjab Digital Library | www.panjabdigilib.org

ਇੱਦਾਂ ਅਡੋਲ ਖਲੋ ਗਿਆ ਜਿਦਾਂ ਕੋਈ ਖੰਬਾ ਗੱਡ ਦਿੱਤਾ ਗਿਆ ਹੋਏ। ਉਹ ਸਨਮੁਖ ਹੋ ਕੇ ਬਰਛੀਆਂ ਦੇ ਵਾਰ ਝਲਦਾ ਰਿਹਾ। ਉਸ ਦੇ ਸਾਥੀ ਮਾਰੇ ਗਏ ਤੇ ਜੁਝਾਰ ਕਲ੍ਹਾ ਹੀ ਰਹਿ ਗਿਆ। ਉਸ ਨੂੰ ਸਾਰੇ ਪਾਸਿਉਂ ਘੇਰ ਲਿਤਾ ਗਿਆ। ਉਹ ਨਿਡਰ ਹੋ ਕੇ ਸਭ ਪ੍ਰਕਾਰ ਦੇ ਹਥਿਆਰ ਚਲਾਂਦਾ ਰਿਹਾ ਤੇ ਵੈਰੀਆਂ ਦੇ ਆਹੂ ਲਾਂਦਾ ਰਿਹਾ। ਉਸ ਨੇ ਬਹੁਤ ਵੈਰੀ ਮਾਰੇ ਤੇ ਅੰਤ ਨੂੰ ਆਪ ਦੇਵ ਲੋਕ ਸਿਧਾਰ ਗਿਆ। ਇਸ ਜੰਗ ਦਾ ਵਰਨਣ ਗੁਰੂ ਜੀ ਨੇ ਬਚਿਤ੍ਰ ਨਾਟਕ ਦੇ ਬਾਰ੍ਹਵੇਂ ਅਧਿਆਏ ਵਿਚ ਕੀਤਾ ਹੈ ਇਹ ਅੰਤਕਾ ਨੰ: ੧ ਵਿਚ ਦਿੱਤਾ ਗਿਆ ਹੈ। ਗੁਰੂ ਜੀ ਨੇ ਲਿਖਿਆ—

—ਇਹ ਬਿਧਿ ਘਣੇ ਘਰਨ ਕੋ ਗਾਰਾ ॥
ਭਾਂਤਿ ਭਾਂਤਿ ਕੇ ਕਰਿ ਹਥਿਆਰਾ ॥
ਚੁਨਿ ਚੁਨਿ ਬੀਰ ਪਖਰੀਆ ਮਾਰੇ ॥
ਅੰਤਿ ਦੇਵਪੁਰ ਆਪ ਪਧਾਰੇ ॥ ੧੨ ॥

(ਦਸਮ ਗਰੰਥ, ਪੰਨਾ ੭੦)

ਜੇ ਗੁਰੂ ਜੀ ਦੇ ਚਾਰ ਸਾਹਿਬਜ਼ਾਦੇ ਸ਼ਹੀਦ ਹੋਏ ਤਾਂ ਸਿੰਘ ਵੀ ਸ਼ਹੀਦੀਆਂ ਪ੍ਰਾਪਤ ਕਰਨ ਵਿਚ ਪਿਛਾਂ ਨਹੀਂ ਹਟੇ। ਅੰਮ੍ਰਿਤ ਛਕ ਕੇ ਤੇ ਸੰਤ ਸਿਪਾਹੀ ਬਣ ਕੇ, ਉਹ ਐਸੀ ਸ਼ਕਤੀ ਦੇ ਮਾਲਕ ਹੋ ਗਏ ਸਨ ਕਿ ਧਰਮ ਲਈ ਜਾਨਾ ਵਾਰਨ ਲਈ ਹਮੇਸ਼ਾਂ ਤਿਆਰ ਰਹਿੰਦੇ ਸਨ। ਚਮਕੌਰ ਦੀ ਲੜਾਈ ਦੁਨੀਆਂ ਦੇ ਇਤਿਹਾਸ ਦੀ ਇਕ ਅਨੋਖੀ ਲੜਾਈ ਹੈ ਜਿਸ ਵਿਚ ੪੦ ਸਿੰਘਾਂ ਨੇ ੧੦ ਲੱਖ ਮੁਗ਼ਲ ਫੌਜ ਦਾ ਨਿਡਰ ਹੋ ਕੇ ਮੁਕਾਬਲਾ ਕੀਤਾ। ਉਨ੍ਹਾਂ ਨੇ ਕੋਈ ਭੈ ਨਹੀਂ ਲਿਆ ਤੇ ਇਕ ਇਕ ਕਰਕੇ ਸਾਰੇ ਸ਼ਹੀਦ ਹੋ ਗਏ। ਇਨ੍ਹਾਂ ਨੇ ਗੁਰੂ ਜੀ ਦੇ ਸ਼ਬਦ "ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਧਰਾਊਂ।" ਸੱਚ ਸਿਧ ਕਰ ਦਿੱਤੇ।

○ ○ ○



Digitized by Panjab Digital Library | www.panjabdigilib.org

# ੧੮

# ਮਿੱਤਰ ਪਿਆਰੇ ਨੂੰ

ਜਦੋਂ ਚਮਕੌਰ ਦੀ ਗੜ੍ਹੀ ਵਿਚ ਸਿਰਫ ਦਸ ਸਿੰਘ ਰਹਿ ਗਏ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਉਹ ਗੜ੍ਹੀ ਛਡ ਕੇ ਚਲੇ ਜਾਣ । ਪਰ ਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਛਡ ਕੇ ਜਾਣਾ ਠੀਕ ਨਹੀਂ ਸਮਝਿਆ । ਇਹ ਦੇਖ ਕੇ ਉਨ੍ਹਾਂ ਸਿੰਘਾਂ ਨੇ ਆਪਣੇ ਵਿਚੋਂ ਪੰਜ ਪਿਆਰੇ ਚੁਣੇ ਜਿਨ੍ਹਾਂ ਨੇ ਗੁਰੂ ਜੀ ਨੂੰ **ਹੁਕਮ ਦਿੱਤਾ** ਕਿ ਉਹ ਤਿੰਨ ਸਿੰਘਾਂ ਨਾਲ ਗੜ੍ਹੀ ਛੱਡ ਦੇਣ । ਕਿਉਂਕਿ ਅਖੀਰ ਵਿਚ ਗੁਰੂ ਜੀ ਪੰਥ ਨੂੰ ਪੰਜ ਪਿਆਰਿਆਂ ਦੇ ਹਵਾਲੇ ਕਰਨ ਵਾਲੇ ਸਨ, ਇਸ ਲਈ ਆਪ ਜੀ ਨੇ ਪੰਜ ਪਿਆਰਿਆਂ ਦੀ ਆਗਿਆ ਅੱਗੇ ਮੱਥਾ ਟੇਕ ਦਿੱਤਾ । ੨੨-੧੨-੧੭੦੪ ਦੀ ਸਰਦੀ ਦੀ ਕਾਲੀ ਠੰਡੀ ਰਾਤ ਵਿਚ ਗੁਰੂ ਜੀ ਨੇ ਗੜ੍ਹੀ ਛੱਡ ਦਿੱਤੀ ਤੇ ਪ੍ਰਭੂ ਆਸਰੇ ਤਾਰਿਆਂ ਦੀ ਸੇਧ ਲੈ ਕੇ ਟੁਰ ਪਏ । ਦਿਨ ਚੜ੍ਹਨ ਤੇ ਪਤਾ ਲਗਾ ਕਿ ਆਪ ਜੀ ਕਿਸੇ ਘਣੇ ਜੰਗਲ ਵਿਚ ਹਨ । ਪੈਰ ਜ਼ਖਮੀ ਹੋਏ ਹੋਏ ਹਨ, ਕਪੜੇ ਲੀਰੋ ਲੀਰ ਹੋ ਗਏ ਹਨ, ਕਈ ਦਿਨਾਂ ਦੇ ਭੁਖੇ-ਤਿਹਾਏ ਹਨ, ਤੇ ਕਲ੍ਹੇ ਸੁਨਸਾਨ ਜੰਗਲ ਵਿਚ ਲੇਟੇ ਹੋਏ ਹਨ । ਸਾਹਿਬਜ਼ਾਦੇ ਮਾਰੇ ਜਾ ਚੁੱਕੇ ਹਨ ਤੇ ਸਾਥੀ ਸ਼ਹੀਦ ਹੋ ਗਏ ਹਨ । ਇਨ੍ਹਾਂ ਹਾਲਾਤ ਵਿਚ ਮਨੁੱਖ ਦਾ ਟੁੱਟ ਜਾਣਾ ਸੁਭਾਵਿਕ ਹੈ । ਪਰ ਧੰਨ ਹਨ ਗੁਰੂ ਜੀ । ਆਪ ਜੀ ਪ੍ਰਭੂ ਦਾ ਧੰਨਵਾਦ ਕਰਦੇ ਹਨ । ਇਥੇ ਆਪ ਜੀ ਨੇ ਜਗਤ ਪ੍ਰਸਿੱਧ ਰਚਨਾ ਕੀਤੀ । ਆਪ ਜੀ ਨੇ ਸਾਰੀ ਪ੍ਰਕ੍ਰਿਤੀ ਨੂੰ ਕਿਹਾ ਕਿ ਜਾ ਕੇ ਮੇਰੇ ਪਿਆਰੇ ਨੂੰ ਕਹਿ ਦੇਣਾ ਕਿ ਉਸ ਤੋਂ ਬਿਨਾਂ ਮੈਨੂੰ ਨਾ ਅਛਾ ਪਹਿਨਣਾ ਚੰਗਾ ਲਗਦਾ ਹੈ ਨਾ ਚੰਗਾ ਖਾਣਾ । ਜੇ ਪ੍ਰੀਤਮ ਦੀ ਯਾਦ ਬਣੀ ਰਹੇ, ਉਸ ਦਾ ਸੰਗ ਮਿਲਦਾ ਰਹੇ, ਤਾਂ ਨੋਕੀਲੇ ਕੰਡਿਆਲੇ ਪੱਥਰ ਦੀ ਸੇਜ ਵੀ ਪਿਆਰੀ ਹੈ । ਆਪ ਜੀ ਨੇ ਲਿਖਿਆ—



Digitized by Panjab Digital Library | www.panjabdigilib.org

—ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਣਾ ॥
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,
ਨਾਗ ਨਿਵਾਸਾ ਦੇ ਰਹਣਾ ॥
ਸੂਲ ਸੁਰਾਹੀ ਖੰਜਰ ਪਿਆਲਾ,
ਬਿੰਗ ਕਸਾਈਆਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ,
ਭਠ ਖੇੜਿਆਂ ਦਾ ਰਹਣਾ ॥ ੧ ॥

(ਦਸਮ ਗਰੰਥ, ਪੰਨਾ ੭੧੦)

○ ○ ○



Digitized by Panjab Digital Library | www.panjabdigilib.org

# ੧੯

# 40 ਮੁਕਤੇ

ਮਾਛੀਵਾੜੇ ਦੇ ਜੰਗਲਾਂ ਚੋਂ ਗੁਰੂ ਜੀ ਪ੍ਰਭੂ ਆਸਰੇ ਇਕ ਪਾਸੇ ਤੁਰ ਪਏ । ਨਾ ਰਾਹ ਦਾ ਪਤਾ ਨਾ ਨਿਸ਼ਾਨ ਦਾ, ਨਾ ਕੋਈ ਸੰਗੀ ਨਾ ਸਾਥੀ। ਇਕ ਸ਼ਾਇਰ ਅਨੁਸਾਰ, "ਮੈਂ ਅਕੇਲਾ ਹੀ ਚਲਾ ਥਾ ਅਪਨੀ ਮੰਜ਼ਲ ਕੀ ਤਰਫ, ਲੋਗ ਆਤੇ ਗਏ ਔਰ ਕਾਰਵਾਂ ਬਨਤਾ ਗਿਆ ।" ਜੰਗਲ ਲੰਘ ਕੇ ਜਦੋਂ ਗੁਰੂ ਜੀ ਪਿੰਡਾਂ ਵਿਚ ਪਹੁੰਚੇ ਤਾਂ ਕਈ ਦਰਸ਼ਨ ਕਰਨ ਨੂੰ ਦੌੜ ਆਏ ਤੇ ਕਈ ਡਰ ਕੇ ਭੱਜ ਗਏ, ਕਈਆਂ ਨੇ ਅੰਮ੍ਰਿਤ ਪਾਨ ਕਰਕੇ ਸਰੀਰ ਵਾਰਨ ਦਾ ਪ੍ਰਣ ਲਿਆ ਤੇ ਕਈਆਂ ਨੇ ਦੌੜ ਕੇ ਸ਼ਾਹੀ ਫੌਜਾਂ ਨੂੰ ਗੁਰੂ ਜੀ ਦੇ ਜੀਉਂਦੇ ਹੋਣ ਦੀ ਇਤਲਾਹ ਦਿੱਤੀ। ਫੌਜੀ ਸੁਣ ਕੇ ਹੈਰਾਨ ਹੋਏ ਕਿਉਂਕਿ ਉਹ ਸਮਝੀ ਬੈਠੇ ਸਨ ਕਿ ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚ ਜਾਂ ਬਾਹਰ ਨਿਕਲਦੇ ਸਮੇਂ ਮਾਰੇ ਗਏ। ਉਨ੍ਹਾਂ ਆਪਣੀਆਂ ਫੌਜਾਂ ਗੁਰੂ ਜੀ ਮਗਰ ਲਾ ਦਿੱਤੀਆਂ । ਇਧਰ ਸਿੰਘ ਵੀ ਕਾਫੀ ਗਿਣਤੀ ਵਿਚ ਗੁਰੂ ਜੀ ਨਾਲ ਹੋ ਗਏ ਸਨ । ਜਦੋਂ ਗੁਰੂ ਜੀ ਜ਼ਿਲ੍ਹਾ ਫਿਰੋਜ਼ਪੁਰ ਵਿਚ ਦਾਖਲ ਹੋਏ ਤਾਂ ਆਪ ਜੀ ਨੂੰ ਖਬਰ ਮਿਲੀ ਕਿ ਉਨ੍ਹਾਂ ਨੂੰ ਮੁਗਲ ਫੌਜਾਂ ਨੇ ਚਾਰੇ ਪਾਸਿਉਂ ਘੇਰ ਲਿਆ ਹੈ—ਸਾਮ੍ਹਣੇ ਕਸੂਰ ਦੀਆਂ ਫੌਜਾਂ ਹਨ ਤੇ ਪਿਛੇ ਸਰਹੰਦ ਦੀਆਂ । ਗੁਰੂ ਜੀ ਨੇ ਪੁਛਿਆ, "ਪਾਣੀ ਕਿਥੇ ਹੈ ?" ਆਪ ਜੀ ਨੂੰ ਦਸਿਆ ਗਿਆ ਕਿ ਇਥੋਂ ੧੨ ਕੋਹ ਦੂਰ ਖਿਦਰਾਨੇ ਦੀ ਢਾਬ ਤੇ ਪਾਣੀ ਹੈ ਤੇ ਬਾਕੀ ੩੦-੪੦ ਕੋਹ ਤਕ ਪਾਣੀ ਦੀ ਕੋਈ ਸੋਏ ਨਹੀਂ । ਗੁਰੂ ਜੀ ਦੇ ਸਿਪਾਹੀਆਂ ਨੇ ਪਾਣੀ ਤੇ ਕਬਜ਼ਾ ਕਰ ਲਿਆ ਤੇ ਲੜਣ ਲਈ ਤਿਆਰ ਹੋ ਗਏ ।

ਇਹ ਯੁੱਧ ੧੮ ਅਪ੍ਰੈਲ ੧੭੦੫ ਨੂੰ ਹੋਇਆ । ਹਜ਼ਾਰਾਂ ਦੀ ਗਿਣਤੀ ਵਿਚ ਮੁਗ਼ਲ ਸਿਪਾਹੀ ਮਾਰੇ ਗਏ ਤੇ ਕਰੀਬਨ ੩੦੦ ਸਿੰਘ ਵੀ ਸ਼ਹੀਦ ਹੋਏ । ਪਰ ਪਾਣੀ



Digitized by Panjab Digital Library | www.panjabdigilib.org

ਦਾ ਸਰੋਤਰ ਸਿੰਘਾਂ ਦੇ ਕਬਜ਼ੇ ਵਿਚ ਸੀ ਤੇ ਮੁਗਲ ਫੌਜਾਂ ਪਾਣੀ ਬਿਨਾਂ ਜ਼ਿਆਦਾ ਦੇਰ ਨਾ ਟਿਕ ਸਕੀਆਂ ਤੇ ਸ਼ਾਮ ਹੋਂਦੇ ਹੋਂਦੇ ਪਿਛਾਂ ਹੱਟ ਗਈਆਂ। ਗੁਰੂ ਜੀ ਦੀ ਠੀਕ ਰਣ ਨੀਤੀ ਕਾਰਣ ਇਹ ਮੈਦਾਨ ਸਿੰਘਾਂ ਦੇ ਕਬਜ਼ੇ ਵਿਚ ਆ ਗਿਆ।

ਇਸ ਮੈਦਾਨ ਵਿਚ ਸ਼ਹੀਦ ਹੋਇਆਂ ਵਿਚੋਂ ੪੦ ਉਹ ਸਨ ਜਿਹੜੇ ਅਨੰਦ-ਪੁਰ ਸਾਹਿਬ ਦੀ ਅਖੀਰਲੀ ਲੜਾਈ ਸਮੇਂ ਗੁਰੂ ਜੀ ਦਾ ਸੰਗ ਛੱਡ ਗਏ ਸਨ ਤੇ ਲਿਖ ਕੇ ਦੇ ਆਏ ਸਨ ਕਿ "ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ।" ਉਨ੍ਹਾਂ ਲਿਖ ਦਿੱਤਾ, "ਲਿਖਿਯੋ ਬਿਦਾਵਾ ਦੇਰਿ ਬਿਨ ਗੁਰ ਸਿਖ ਨਹੀਂ ਕਦਾਤ।" ਇਹ ਬੇਦਾਵੀਏ ਜਦੋਂ ਘਰ ਵਾਪਸ ਆਏ ਤਾਂ ਜ਼ਨਾਨੀਆਂ ਨੇ ਬਹੁਤ ਲਾਹਨਤਾਂ ਪਾਈਆਂ, ਬੁਰਾ-ਭਲਾ ਕਿਹਾ ਤੇ ਚੂੜੀਆਂ ਪਾ ਕੇ ਘਰ ਬੈਠਣ ਨੂੰ ਕਿਹਾ। ਇਹ ਜ਼ਨਾਨੀਆਂ ਆਪ ਜੁਧ ਦੇ ਮੈਦਾਨ ਵਲ ਜਾਣ ਨੂੰ ਤਿਆਰ ਹੋ ਗਈਆਂ। ਇਕ ਮਾਈ, ਮਾਈ ਭਾਗੋ, ਇਸਤਰੀਆਂ ਦਾ ਜਥਾ ਲੈ ਕੇ ਗੁਰੂ ਜੀ ਵਲ ਤੁਰ ਹੀ ਪਈ ਤੇ ਜੰਗ ਵਿਚ ਹਿੱਸਾ ਲਿਆ। ਇਹ ਮਾਈ ਮਗਰੋਂ ਬਹੁਤ ਚਿਰ ਤਕ ਗੁਰੂ ਜੀ ਦੀ ਸ਼ਰਨ ਰਹੀ ਤੇ ਇਸ ਨੇ ਖਾਲਸੇ ਕੋਲੋਂ ਮਾਨ-ਸਤਿਕਾਰ ਪਾਇਆ। ਜਿਨ੍ਹਾਂ ਨੇ ਟੱਬਰ ਲਈ ਗੁਰੂ ਛੱਡਿਆ ਸੀ ਉਨ੍ਹਾਂ ਦੇ ਟੱਬਰਾਂ ਨੇ ਇਨ੍ਹਾਂ ਨੂੰ ਮੂੰਹ ਨਹੀਂ ਲਾਇਆ। ਮਨੁੱਖ ਪਾਪ ਕਰਦਾ ਹੈ ਆਪਣੇ ਟੱਬਰ ਲਈ ਤੇ ਜੇ ਟੱਬਰ ਹੀ ਬਾਗੀ ਹੋ ਜਾਏ ਤੇ ਲਾਹਨਤਾਂ ਪਾਉਣ ਲੱਗੇ ਤਾਂ ਜਿਹੜੀ ਸੱਟ ਵਜਦੀ ਹੈ ਉਹ ਬੜੀ ਗਹਿਰੀ ਹੁੰਦੀ ਹੈ। ਇਹ ਸਿੰਘ ਸ਼ਰਮਸਾਰ ਹੋ ਕੇ ਗੁਰੂ ਜੀ ਦੀ ਸ਼ਰਨ ਮੁੜ ਆਏ। ਖਿਦਰਾਣੇ ਦੀ ਢਾਬ ਵਾਲੇ ਜੁਧ ਵਿਚ ਇਹ ਲੜੇ ਤੇ ਇਨ੍ਹਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹ ਚਾਲੀ ਸ਼ਹੀਦ ਸਿੰਘ ਸਾਡੇ ਇਤਿਹਾਸ ਵਿਚ ਤੇ ਸਾਡੀ ਅਰਦਾਸ ਵਿਚ "ਚਾਲੀ ਮੁਕਤੇ" ਕਰ ਕੇ ਯਾਦ ਕੀਤੇ ਜਾਂਦੇ ਹਨ। ਇਨ੍ਹਾਂ ਚਾਲੀਆਂ ਵਿਚੋਂ ਇਕ ਸੀ ਭਾਈ ਮਹਾਂ ਸਿੰਘ। ਉਸ ਦੀ ਨਬਜ਼ ਹਾਲੀਂ ਚਲਦੀ ਸੀ। ਗੁਰੂ ਜੀ ਉਸ ਕੋਲ ਗਏ ਤੇ ਕਿਹਾ, "ਹੋਸ਼ ਸੰਭਾਲ ਧਰਮੀ ਬੀਰਾ, ਤੂੰ ਅਸਾਡਾ ਮਹਾਨ ਸਿੰਘ ਹੈਂ। ਤੂੰ ਸਿੰਘੌਤੀ ਦਿਖਲਾਈ ਹੈ ਤੇ ਸਾਰੇ ਮਝੈਲਾਂ ਦੀ ਰਖ ਦਖਾਲੀ ਹੈ। ਗੁਰੂ ਤੁਠਾ ਹੈ, ਕੁਝ ਮੰਗ। ਮੁਕਤਿ ਜੁਗਤਿ ਭੁਗਤਿ ਸਭ ਤੇਰੇ ਲਈ ਹਾਜ਼ਰ ਹਨ।" ਉਸ ਕਿਹਾ, "ਜੇ ਤੁਠੇ ਹੋ ਤਾਂ ਟੁਟੀ ਮਿਲੇ।" ਗੁਰੂ ਜੀ ਨੇ ਉਸ ਦੀਆਂ ਬੰਦ ਹੁੰਦੀਆਂ ਅੱਖਾਂ ਸਾਹਮਣੇ ਬੇਦਾਵੇ ਦਾ ਕਾਗਜ਼ ਫਾੜ ਦਿੱਤਾ। ਆਪ ਜੀ ਦੇ ਅਸ਼ੀਰਵਾਦ ਸਦਕਾ ਸਿੰਘਾਂ



Digitized by Panjab Digital Library | www.panjabdigilib.org

ਨੂੰ ਜਨਮ ਮਰਨ ਦੇ ਗੇੜੇ ਤੋਂ ਖਲਾਸੀ ਮਿਲੀ ਤੇ ਮੁਕਤੀ ਪ੍ਰਾਪਤ ਹੋਈ। ਇਸ ਲਈ ਇਨ੍ਹਾਂ ਸਿੰਘਾਂ ਨੂੰ ਮੁਕਤੇ ਤੇ ਇਸ ਸਥਾਨ ਨੂੰ 'ਮੁਕਤਸਰ' ਕਹਿੰਦੇ ਹਨ।

ਜਿਹੜੇ ਮਨਮੁਖੀ ਬਣੇ ਰਹੇ, ਉਨ੍ਹਾਂ ਦਾ ਜ਼ਿਕਰ ਗੁਰੂ ਜੀ ਆਪਣੀ ਰਚਨਾ ਬਚਿੱਤਰ ਨਾਟਕ ਦੇ ੧੩ਵੇਂ ਅਧਿਆਏ ਵਿਚ ਕਰਦੇ ਹਨ। ਦੇਖੋ **ਅੰਤਕਾ ਨੰ: ੨**। ਆਪ ਜੀ ਨੇ ਲਿਖਿਆ ਕਿ ਜਿਹੜੇ ਮੇਰੇ ਕੋਲੋਂ ਬੇਮੁਖ ਹੋ ਕੇ ਦੌੜ ਗਏ ਸਨ ਉਨ੍ਹਾਂ ਦੇ ਘਰਾਂ ਨੂੰ ਮੁਗਲੀ ਫੌਜਾਂ ਨੇ ਤਬਾਹ ਕਰ ਦਿੱਤਾ, ਜਿਹੜੇ ਪਕੜੇ ਗਏ ਉਨ੍ਹਾਂ ਦੇ ਸਿਰ ਮੁਨ ਕੇ ਸ਼ਹਿਰਾਂ ਵਿਚ ਫਿਰਾਇਆ ਗਿਆ, ਇਨ੍ਹਾਂ ਦੇ ਮੂੰਹ ਉਪਰ ਰੱਸੀਆਂ ਦੀ ਜਾਲੀ ਬੰਨ੍ਹ ਦਿੱਤੀ ਗਈ ਸੀ ਮਾਨੋਂ ਇਹ ਕੋਈ ਜਾਨਵਰ ਹੋਣ, ਇਨ੍ਹਾਂ ਦੇ ਸਿਰ ਜੁੱਤੀਆਂ ਮਾਰ ਮਾਰ ਕੇ ਜ਼ਖਮੀ ਕਰ ਦਿੱਤੇ ਗਏ, ਲੋਕਾਂ ਨੇ ਪੱਥਰ ਮਾਰ ਮਾਰ ਕੇ ਇਨ੍ਹਾਂ ਨੂੰ ਲਹੂ ਲੁਹਾਨ ਕਰ ਦਿੱਤਾ ਸੀ। ਆਪ ਜੀ ਨੇ ਲਿਖਿਆ—

— ਜੇ ਜੇ ਭਾਜ ਹੁਤੇ ਬਿਨੁ ਆਇਸੁ ॥
ਕਹੋ ਅਹਿਦਅਹਿ ਕਿਨੈ ਬਤਾਇਸੁ ॥
ਮੂੰਡਿ ਮੂੰਡਿ ਕਰਿ ਸਹਿਰ ਫਿਰਾਏ ॥
ਕਾਰ ਭੇਟ ਜਨੁ ਲੈਨ ਸਿਧਾਏ ॥੧੯॥
ਪਾਛੇ ਲਾਗਿ ਲਰਿਕਵਾ ਚਲੇ ॥
ਜਾਨੁਕ ਸਿਖ ਸਖਾ ਹੈਂ ਭਲੇ ॥
ਛਿਕੇ ਤੋਬਰਾ ਬਦਨ ਚੜਾਏ ॥
ਜਨੁ ਗ੍ਰਿਹ ਖਾਨ ਮਲੀਦਾ ਆਏ ॥੨੦॥
ਮਸਤਕ ਸੁਭੇ ਪਨਹੀਯਨ ਘਾਇ ॥
ਜਨ ਕਰਿ ਟੀਕਾ ਦਏ ਬਨਾਇ ॥
ਸੀਸ ਈਟ ਕੇ ਘਾਇ ਕਰੇਹੀ ॥
ਜਨੁ ਤਿਨੁ ਭੇਟ ਪੁਰਾਤਨ ਦੇਹੀ ॥੨੧॥ (ਦਸਮ ਗ੍ਰੰਥ, ਪੰਨਾ ੭੨)

○ ○ ○



Digitized by Panjab Digital Library | www.panjabdigilib.org

## ੨੦
# ਦਮਦਮਾ ਸਾਹਿਬ

ਇਥੋਂ ਚਲ ਕੇ ਤੇ ਪ੍ਰਚਾਰ ਕਰਦੇ ਕਰਾਉਂਦੇ ਗੁਰੂ ਜੀ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਪਹੁੰਚੇ। ਇਥੇ ਕਰੀਬਨ ਇਕ ਸਾਲ ਠਹਿਰੇ ਤੇ ਧਰਮ ਪ੍ਰਚਾਰ ਕੀਤਾ। ਇਥੇ ਹੀ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਦੁਬਾਰਾ ਸੰਪਾਦਿਤ ਕੀਤਾ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਇਸ ਵਿਚ ਚੜ੍ਹਾਈ। ਇਸ ਗ੍ਰੰਥ ਦਾ ਪਹਿਲਾ ਪ੍ਰਕਾਸ਼ ਤੇ ਅਖੰਡ ਪਾਠ ਭਾਈ ਮਨੀ ਸਿੰਘ ਨੇ ਆਪ ਜੀ ਦੀ ਹਜ਼ੂਰੀ ਵਿਚ ਕੀਤਾ। ਇਸ ਦਾ ਮੁਖ ਵਾਕ ਸੀ—"ਸਤਿਗੁਰ ਆਇਓ ਸਰਣਿ ਤੁਹਾਰੀ। ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ।" ਗੁਰੂ ਜੀ ਨੇ ਕਈ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਇਨ੍ਹਾਂ ਦੀ ਗਿਣਤੀ ੮੦,੦੦੦ ਦੇ ਕਰੀਬ ਦੱਸੀ ਜਾਂਦੀ ਹੈ।

○ ○ ○



Digitized by Panjab Digital Library | www.panjabdigilib.org

# ੨੧
# ਜ਼ਫ਼ਰਨਾਮਾ

ਅਨੰਦਪੁਰ ਸਾਹਿਬ ਦੀ ਚੌਥੀ ਲੜਾਈ ਅਪ੍ਰੈਲ ੧੭੦੪ ਵਿਚ ਆਰੰਭ ਹੋਈ। ਉਸ ਸਮੇਂ ਗੁਰੂ ਜੀ ਦੇ ਮੁਕਾਬਲੇ ਸਰਹੰਦ, ਲਾਹੌਰ ਤੇ ਦਿੱਲੀ ਦੀਆਂ ਫੌਜਾਂ ਕੱਠੀਆਂ ਹੋਈਆਂ ਸਨ। ਆਪਣੀ ਤਾਕਤ ਦੇ ਘਮੰਡ ਵਿਚ ਔਰੰਗੇ ਨੇ ਗੁਰੂ ਜੀ ਨੂੰ ਬੜੀ ਧਮਕੀ ਭਰੀ **ਪਹਿਲੀ ਚਿੱਠੀ ਲਿਖੀ**। ਉਸ ਨੇ ਲਿਖਿਆ ਕਿ ਗੁਰੂ ਜੀ ਆਪਣੇ ਆਪ ਨੂੰ ਪਾਤਸ਼ਾਹ ਨਾ ਅਖਵਾਉਣ, ਝਰੋਖੇ ਵਿਚ ਬੈਠ ਕੇ ਦਰਸ਼ਨ ਨਾ ਦੇਣ, ਫੌਜਾਂ ਨਾ ਰੱਖਣ, ਲੋਕਾਂ ਦੇ ਝਗੜੇ ਨਾ ਨਿਪਟਾਉਣ, ਤੇ ਸਿਰਫ ਫਕੀਰ ਬਣ ਕੇ ਰਹਿਣ। ਉਸ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਵੀ ਕਿਹਾ। ਪਰ ਗੁਰੂ ਜੀ ਨੇ ਇਸ ਅਭਿਮਾਨੀ ਚਿੱਠੀ ਦਾ ਕੋਈ ਉੱਤਰ ਦੇਣਾ ਠੀਕ ਨਾ ਸਮਝਿਆ। ਉਸ ਦੌਰਾਨ ਲੜਾਈ ਤੇਜ਼ ਹੋ ਗਈ। ਮੁਗਲਾਂ ਬਹੁਤ ਕੋਸ਼ਿਸ਼ ਕੀਤੀ ਕਿ ਕਿਸੇ ਤਰ੍ਹਾਂ ਕਿਲ੍ਹੇ ਉੱਪਰ ਕਬਜ਼ਾ ਹੋ ਜਾਏ ਪਰ ਉਹ ਆਪਣੇ ਜਤਨ ਵਿਚ ਬਿਲਕੁਲ ਸਫਲ ਨਹੀਂ ਹੋਏ। ਸਿੰਘ ਰਾਤੀ ਕਿਲ੍ਹੇ ਤੋਂ ਬਾਹਰ ਆਉਂਦੇ, ਮੁਗ਼ਲ ਫੌਜਾਂ ਤੇ ਹਮਲਾ ਕਰਦੇ, ਰਾਸ਼ਨ-ਪਾਣੀ ਲੁੱਟ ਲੈਂਦੇ ਤੇ ਮੁੜ ਕਿਲ੍ਹੇ ਵਿਚ ਮੁੜ ਜਾਂਦੇ। ਇਹ ਹਮਲਾ ਬਿਜਲੀ ਦੀ ਤੇਜ਼ੀ ਵਾਂਗ ਹੁੰਦਾ ਸੀ ਤੇ ਮੁਗ਼ਲ ਫੌਜਾਂ ਸੰਭਲ ਹੀ ਨਹੀਂ ਪਾਉਂਦੀਆਂ ਸਨ। ਮੁਗਲ ਫੌਜਾਂ ਨੇ ਕਿਲ੍ਹਾ ੮ ਮਹੀਨੇ ਤਕ ਘੇਰੀ ਰਖਿਆ ਪਰ ਉਹ ਸਿੰਘਾਂ ਕੋਲੋਂ ਕਿਲ੍ਹਾ ਖਾਲੀ ਨਾ ਕਰਵਾ ਸਕੇ ਤੇ ਨਾ ਹੀ ਆਪ ਕਿਲ੍ਹੇ ਤੇ ਕਬਜ਼ਾ ਕਰ ਸਕੇ। ਸਿੰਘ ਡਟੇ ਰਹੇ।

ਇਸ ਸਮੇਂ ਔਰੰਗੇ ਨੇ ਗੁਰੂ ਜੀ ਨੂੰ **ਦੂਸਰੀ ਚਿੱਠੀ ਲਿਖੀ**। ਇਹ ਕੁਝ ਨਰਮ ਸੀ। ਹਕੂਮਤ ਸਿੰਘਾਂ ਦੀ ਹਿੰਮਤ ਤੇ ਦਲੇਰੀ ਨੂੰ ਪਰਖ ਚੁਕੀ ਸੀ। ਇਸ ਵਿਚ ਔਰੰਗੇ ਨੇ ਸਿਰਫ ਇੰਨਾ ਹੀ ਲਿਖਿਆ ਸੀ ਕਿ ਗੁਰੂ ਜੀ ਲੜਾਈ



Digitized by Panjab Digital Library | www.panjabdigilib.org

ਛੱਡ ਦੇਣ ਤੇ ਆ ਕੇ ਉਸ ਨੂੰ ਮਿਲਣ, ਉਹ ਇਨਸਾਫ ਕਰੇਗਾ। ਇਸ ਦੌਰਾਨ ਮੁਗ਼ਲ ਜਰਨੈਲਾਂ ਨੇ ਗੁਰੂ ਜੀ ਨੂੰ ਹਿਫਾਜ਼ਤ ਦੇ ਝੂਠੇ ਵਾਇਦੇ ਦੇ ਕੇ ਕਿਲ੍ਹਾ ਖਾਲੀ ਕਰਵਾ ਲਿਆ। ਇਥੋਂ ਨਿਕਲ ਕੇ ਗੁਰੂ ਜੀ ਚਮਕੌਰ ਦੀ ਗੜ੍ਹੀ ਪਹੁੰਚੇ ਤੇ ਫਿਰ ਮਾਛੀਵਾੜੇ ਦੇ ਜੰਗਲਾਂ ਵਿਚ ਪਹੁੰਚ ਗਏ।

ਇਸ ਇਲਾਕੇ ਵਿਚ ਫਿਰਦਿਆਂ ਆਪ ਜੀ ਨੇ ਔਰੰਗੇ ਦੀ ਪਹਿਲੀ ਚਿੱਠੀ ਦਾ ਜਵਾਬ **"ਫ਼ਤਹ ਨਾਮਾ"** ਲਿਖਿਆ। ਇਸ ਵਿਚ ਆਪ ਜੀ ਨੇ ਔਰੰਗੇ ਨੂੰ ਕਿਹਾ ਕਿ ਤਖਤ ਉੱਪਰ ਬੈਠਣ ਵਾਲਿਆਂ ਨੂੰ ਫਰੇਬ ਨਹੀਂ ਫਬਦਾ, ਕਿ ਤੂੰ ਆਪਣੇ ਪਿਉ ਤੇ ਭਰਾਵਾਂ ਦਾ ਖ਼ੂਨੀ ਹੈ, ਕਿ ਤੇਰੀਆਂ ਕਸਮਾਂ ਉੱਪਰ ਇਤਬਾਰ ਨਹੀਂ ਕੀਤਾ ਜਾ ਸਕਦਾ। ਕਿਉਂਕਿ ਕਸਮਾਂ ਦੇ ਬਾਵਜੂਦ ਮੁਗ਼ਲ ਫੌਜਾਂ ਨੇ ਮੇਰੇ ਉੱਪਰ ਹਮਲਾ ਕੀਤਾ ਸੀ, ਕਿ ਇਨ੍ਹਾਂ ਹਾਲਾਤ ਵਿਚ ਮੇਰੇ ਲਈ ਤਲਵਾਰ ਵਰਤਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ ਤੇ ਜੇ ਅਜੇ ਵੀ ਤੇਰੀ ਲੜਨ ਦੀ ਇੱਛਾ ਹੋਏ ਤਾਂ ਅਸੀਂ ਆਹਮਣੇ-ਸਾਹਮਣੇ ਹੋ ਕੇ ਲੜ ਕੇ ਫੈਸਲਾ ਕਰ ਸਕਦੇ ਹਾਂ (ਬਿਨਾਂ ਸਿਪਾਹੀਆਂ ਨੂੰ ਮਰਵਾਏ)। ਜੰਗਲਾਂ ਵਿਚੋਂ ਹੁੰਦੇ ਹੁੰਦੇ, ਗੁਰੂ ਜੀ ਦੀਨਾ ਪਿੰਡ ਪਹੁੰਚ ਗਏ।

ਇਥੇ ਆਪ ਜੀ ਨੂੰ ਇਤਲਾਹ ਮਿਲੀ ਕਿ ਮੁਗ਼ਲ ਫੌਜਾਂ ਹਾਲੀਂ ਵੀ ਆਪ ਜੀ ਦੀ ਤਲਾਸ਼ ਕਰ ਰਹੀਆਂ ਸਨ। ਇਥੇ ਗੁਰੂ ਜੀ ਨੇ ਔਰੰਗੇ ਦੀ ਦੂਸਰੀ ਚਿੱਠੀ ਦਾ ਜਵਾਬ ਲਿਖਿਆ ਜਿਸ ਦਾ ਨਾਂ ਆਪ ਜੀ ਨੇ **'ਜ਼ਫਰਨਾਮਾ'** ਰਖਿਆ। ਇਸ ਫਾਰਸੀ ਵਿਚ ਲਿਖੀ ਚਿੱਠੀ ਦਾ ਪੰਜਾਬੀ ਅਨੁਵਾਦ **ਅੰਤਕਾ ਨੰ:** ੩ ਵਿਚ ਦਿੱਤਾ ਹੈ। ਉਸ ਵਿਚ ਆਪ ਜੀ ਨੇ ਔਰੰਗੇ ਦੇ ਫਰੇਬ ਦੀ ਲੰਬੀ ਕਹਾਣੀ ਦਰਸਾਈ ਤੇ ਲਿਖਿਆ ਕਿ ਇਨ੍ਹਾਂ ਹਾਲਾਤਾਂ ਵਿਚ ਉਸ ਨੂੰ ਮਜਬੂਰ ਹੋ ਕੇ ਤਲਵਾਰ ਚੁਕਣੀ ਪਈ। ਗੁਰੂ ਜੀ ਨੇ ਲਿਖਿਆ ਕਿ ਜੇ ਉਹ ਹਿੰਦੂ ਮੰਦਰਾਂ ਦੇ ਬੁਤ ਭੰਨ ਸਕਦਾ ਹੈ ਤਾਂ ਖਾਲਸਾ ਉਸ ਦੇ ਜਿਸਮਾਨੀ ਬੁੱਤ ਨੂੰ ਵੀ ਭੰਨ ਸਕਦਾ ਹੈ। ਦੀਨਾ ਪਿੰਡ ਤੋਂ ਹੋ ਕੇ ਆਪ ਜੀ ਖਿਦਰਾਨੇ ਦੀ ਢਾਬ ਪਹੁੰਚੇ, ਜਿਥੇ ਆਪ ਜੀ ਨੇ ਅਖੀਰਲੀ ਲੜਾਈ ਲੜੀ, ਤੇ ਫਿਰ ਦਮਦਮਾ ਸਾਹਿਬ (ਬਠਿੰਡਾ) ਪਹੁੰਚ ਗਏ।

ਇਥੇ ਆਪ ਜੀ ਨੂੰ ਔਰੰਗੇ ਦੀ **ਤੀਸਰੀ ਚਿੱਠੀ** ਮਿਲੀ ਜਿਸ ਨੂੰ ਇਤਿਹਾਸ ਵਿਚ 'ਸ਼ਿਕਸਤ ਨਾਮਾ' ਕਿਹਾ ਜਾਂਦਾ ਹੈ। ਇਸ ਵਿਚ ਔਰੰਗੇ ਨੇ ਗੁਰੂ ਜੀ ਨੂੰ ਦੱਖਣ ਆ ਕੇ ਮਿਲਣ ਲਈ ਬੇਨਤੀ ਕੀਤੀ। ਇਸ ਚਿੱਠੀ ਵਿਚ ਔਰੰਗੇ ਨੇ ਆਪਣੇ



Digitized by Panjab Digital Library | www.panjabdigilib.org

ਕੀਤੇ ਤੇ ਪਛਤਾਵਾ ਦਰਸਾਇਆ। ਉਸ ਲਿਖਿਆ ਕਿ ਮੈਂ ਆਪਣੀ ਬੀਮਾਰੀ, ਕਮਜ਼ੋਰ ਸਿਹਤ ਤੇ ਦੱਖਣੀ ਬਗਾਵਤ ਦੇ ਕਾਰਣ ਗੁਰੂ ਜੀ ਦੇ ਦਰਸ਼ਨ ਨਹੀਂ ਕਰ ਸਕਦਾ ਤੇ ਗੁਰੂ ਜੀ ਹੀ ਕਿਰਪਾ ਕਰਨ। ਗੁਰੂ ਜੀ ਇਸ ਬਾਰੇ ਵਿਚਾਰ ਹੀ ਕਰ ਰਹੇ ਸਨ ਕਿ ਆਪ ਜੀ ਨੂੰ ਔਰੰਗਜ਼ੇਬ ਦੇ ਮਰਨ ਦੀ ਖਬਰ ਮਿਲੀ।

ਗੁਰੂ ਜੀ ਦਾ ਸਭ ਕੁਝ ਚਲਾ ਜਾਂਦਾ ਹੈ ਪਰ ਫਿਰ ਵੀ ਉਨ੍ਹਾਂ ਦੀ ਆਨ-ਬਾਨ-ਸ਼ਾਨ ਨਹੀਂ ਜਾਂਦੀ। ਉਹ ਆਪਣੀ ਚਿੱਠੀ ਦਾ ਨਾਂ "ਜ਼ਫਰਨਾਮਾ" (ਜਿੱਤ ਦੀ ਚਿੱਠੀ) ਰੱਖਦੇ ਹਨ। ਦੂਸਰੇ ਪਾਸੇ ਔਰੰਗਜ਼ੇਬ ਜਿਹੜਾ ਹਿੰਦੁਸਤਾਨ ਦਾ ਸ਼ਹਿਨਸ਼ਾਹ ਹੈ, ਆਪਣੀ ਚਿੱਠੀ ਦਾ ਨਾਂ "ਸ਼ਿਕਸਤ ਨਾਮਾ" (ਹਾਰ ਦੀ ਚਿੱਠੀ) ਰੱਖਦਾ ਹੈ। ਇਹ ਉਸ ਦੇ ਮਨ ਦੀ ਦਸ਼ਾ ਦੱਸਦੀ ਹੈ। ਇਕ ਕੋਲ ਕੁਝ ਨਹੀਂ ਪਰ ਮਨੋਬਲ ਹੈ, ਇਸ ਲਈ ਉਹ ਜਿੱਤਿਆ ਹੋਇਆ ਹੈ। ਦੂਸਰੇ ਕੋਲ ਸਭ ਕੁਝ ਹੈ ਪਰ ਮਨੋਬਲ ਨਹੀਂ, ਇਸ ਲਈ ਉਹ ਹਾਰਿਆ ਹੋਇਆ ਹੈ। ਮਨੋਬਲ ਹਮੇਸ਼ਾ ਧਰਮੀ ਕੋਲ ਹੁੰਦਾ ਹੈ, ਅਧਰਮੀ ਕੋਲ ਕਦੀ ਨਹੀਂ।

○ ○ ○



Digitized by Panjab Digital Library | www.panjabdigilib.org

## ੨੨
# ਬਹਾਦੁਰ ਸ਼ਾਹ ਦਾ ਸ਼ਰਨ ਆਉਣਾ

ਔਰੰਗੇ ਦੇ ਮ੍ਰਨ ਬਾਅਦ ਉਸ ਦੇ ਲੜਕਿਆਂ ਵਿਚਕਾਰ ਤਖਤ ਲਈਂ ਝਗੜਾ ਛਿੜ ਗਿਆ। ਸ਼ਹਿਜ਼ਾਦਾ ਮੁਅਜ਼ਮ (ਜਿਹੜਾ ਬਾਅਦ ਵਿਚ ਬਹਾਦਰ ਸ਼ਾਹ ਦੇ ਨਾਂ ਨਾਲ ਤਖਤ ਉੱਪਰ ਬੈਠਾ) ਪਹਿਲਾਂ ਵੀ ਗੁਰੂ ਘਰ ਕੋਲੋਂ ਮਦਦ ਲੈ ਚੁਕਾ ਸੀ। ਇਸ ਘੜੀ ਵੀ ਉਹ ਗੁਰੂ ਦੇ ਦਰਬਾਰ ਆ ਫਰਯਾਦੀ ਹੋਇਆ ਤੇ ਗੁਰੂ ਜੀ ਕੋਲੋਂ ਅਸ਼ੀਰਵਾਦ ਤੇ ਫੌਜੀ ਮਦਦ ਮੰਗੀ। ਗੁਰੂ ਜੀ ਨੇ ਉਸ ਨੂੰ ਸਿੰਘਾਂ ਦੀ ਇਕ ਫੌਜ ਦੇ ਦਿੱਤੀ ਤੇ ਉਸ ਦੇ ਨਾਲ ਨਾਲ ਦਿੱਲੀ ਤਕ ਆਏ। ਗੁਰੂ ਜੀ ਇਥੇ ਰੁਕ ਗਏ। (ਇਸ ਸਥਾਨ ਤੇ ਗੁਰਦੁਆਰਾ ਮੋਤੀ ਬਾਗ ਹੈ)। ਸ਼ਾਹ ਮੁਅਜ਼ਮ ਤੇ ਖਾਲਸੇ ਦੀਆਂ ਫੌਜਾਂ ਅੱਗੇ ਵਧ ਗਈਆਂ। ਆਗਰੇ ਪਹੁੰਚ ਕੇ ਉਸ ਦੇ ਭਰਾ ਸ਼ਾਹ ਆਜ਼ਮ ਦੀਆਂ ਫੌਜਾਂ ਨਾਲ ਟਕਰ ਹੋਈ। ਵੈਰੀ ਦੀਆਂ ਫੌਜਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਤੇ ਅੱਛੇ ਹਥਿਆਰਾਂ ਨਾਲ ਲੈਸ ਸੀ। ਸ਼ਾਹ ਮੁਅਜ਼ਮ ਟਾਕਰੇ ਤੋਂ ਘਬਰਾ ਗਿਆ। ਪਰ ਦੇਵ ਵਸ ਲੜਾਈ ਵਾਲੇ ਦਿਨ ਬੜੇ ਜ਼ੋਰ ਦੀ ਹਨੇਰੀ ਚਲੀ ਜਿਸ ਨੇ ਵੈਰੀਆਂ ਦੇ ਘੋੜੇ-ਹਾਥੀ ਤੇ ਸਿਪਾਹੀ ਪਿਛਾੜ ਦਿੱਤੇ। ਇਸ ਭਗਦੜ ਵਿਚ ਖਾਲਸੇ ਦੀ ਫੌਜ ਦੇ ਇਕ ਸਿਪਾਹੀ ਨੇ ਵੈਰੀ ਸ਼ਾਹ ਆਜ਼ਮ ਤੇ ਜ਼ੋਰ ਨਾਲ ਨੇਜ਼ਾ ਸੁਟਿਆ ਜਿਹੜਾ ਉਸ ਦੇ ਸਿਰ ਦੇ ਆਰ ਪਾਰ ਹੋ ਗਿਆ ਤੇ ਉਹ ਉੱਥੇ ਹੀ ਢੇਰੀ ਹੋ ਗਿਆ। ਫਤਹ ਸ਼ਾਹ ਮੁਅਜ਼ਮ ਦੀ ਹੋਈ ਤੇ ਉਹ ੮ ਜੂਨ ੧੭੦੭ ਨੂੰ ਆਗਰੇ ਦੇ ਕਿਲ੍ਹੇ ਵਿਚ ਫਾਤਹ ਦੇ ਰੂਪ ਵਿਚ ਦਾਖਲ ਹੋਇਆ। ਬਹਾਦਰ ਸ਼ਾਹ (ਸ਼ਹਿਜ਼ਾਦਾ ਮੁਅਜ਼ਮ) ੨ ਅਗਸਤ ੧੭੦੭ ਨੂੰ ਗੁਰੂ ਜੀ ਨੂੰ ਬੜੇ ਮਾਨ ਤੇ ਸਤਿਕਾਰ ਨਾਲ ਮਿਲਿਆ ਤੇ ਉਸ ਨੇ ਨਜ਼ਰਾਨੇ ਭੇਂਟ ਕੀਤੇ। ਉਸ ਕਿਹਾ—



Digitized by Panjab Digital Library | www.panjabdigilib.org

— ਦਯਾ ਧਾਰਿ ਹਮਰੋ ਘਰ ਆਏ ॥
ਤਖਤ ਬਖਤ ਤੁਮ ਕੇ ਪ੍ਰਭ ਪਾਏ ॥

ਮੁਸਲਮਾਨਾਂ ਵਿਚ ਆਮ ਵਿਸ਼ਵਾਸ ਹੈ ਕਿ ਸੱਚੇ ਪੀਰ ਦੀ ਨਿਸ਼ਾਨੀ ਉਸ ਦੇ ਕਰਾਮਾਤ ਦਿਖਾਉਣ ਵਿਚ ਹੁੰਦੀ ਹੈ। ਇਸ ਵਿਸ਼ਵਾਸ ਤੋਂ ਮਜਬੂਰ ਹੋ ਕੇ ਇਕ ਦਿਨ ਉਸ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਕਰਾਮਾਤ ਦਿਖਾਉਣ ਲਈ ਕਿਹਾ। ਗੁਰੂ ਜੀ ਨੇ ਕਿਹਾ, "ਤੇਰਾ ਇਸ ਤਖਤ ਤੇ ਬੈਠਣਾ ਹੀ ਇਕ ਕਰਾਮਾਤ ਹੈ, ਵੈਰੀ ਫੌਜਾਂ ਦੀ ਭਾਰੀ ਗਿਣਤੀ ਵਿਚ ਹੋਣ ਦੇ ਬਾਵਜੂਦ ਤੇਰਾ ਜਿੱਤ ਜਾਣਾ ਇਕ ਕਰਾਮਾਤ ਹੈ। ਲੜਾਈ ਵਾਲੇ ਦਿਨ ਜ਼ੋਰ ਦੀ ਹਨੇਰੀ ਆਉਣਾ ਇਕ ਕਰਾਮਾਤ ਹੈ ਤੇ ਮੇਰੇ ਸਿਪਾਹੀ ਦਾ ਵੈਰੀ ਸ਼ਹਿਜ਼ਾਦੇ ਦਾ ਸਿਰ ਵਿੰਨ ਦੇਣਾ ਇਕ ਕਰਾਮਾਤ ਹੈ।" ਬਹਾਦੁਰ ਸ਼ਾਹ ਇਸ ਸਚਿਆਈ ਅੱਗੇ ਚੁਪ ਹੋ ਗਿਆ।

ਉਸ ਦੇ ਤੇ ਗੁਰੂ ਜੀ ਦੇ ਵਿਚਕਾਰ ਇਕ ਮੁਆਇਦਾ ਹੋਇਆ ਜਿਸ ਅਨੁਸਾਰ ਉਸ ਮੰਨਿਆ ਕਿ—

(੧) ਬਾਦਸ਼ਾਹ ਹਿੰਦੂ ਮੁਸਲਮਾਨਾਂ ਨੂੰ ਤੁਲ ਸਮਝੇਗਾ।

(੨) ਬਾਦਸ਼ਾਹ ਇਨਸਾਫ ਕਰੇਗਾ।

(੩) ਦੂਸਰੇ ਦੇ ਧਰਮ ਵਿਚ ਦਖਲ ਨਹੀਂ ਦੇਵੇਗਾ।

(੪) ਜਿਨ੍ਹਾਂ ਨੇ ਬੇਦੋਸ਼ੀਆਂ ਨੂੰ ਮਾਰਿਆ ਹੈ ਬਾਦਸ਼ਾਹ ਉਨ੍ਹਾਂ ਨੂੰ ਸਜ਼ਾਵਾਂ ਦੇਵੇਗਾਂ।

O O O



Digitized by Panjab Digital Library | www.panjabdigilib.org

# ੨੩
# ਬੰਦਾ ਸਿੰਘ ਬਹਾਦਰ

ਪਰ ਗੁਰੂ ਜੀ ਨਿਰੇ ਸਰਕਾਰੀ ਵਹਿਦਿਆਂ ਤੇ ਹੀ ਨਿਰਭਰ ਨਹੀਂ ਰਹੇ। ਆਪ ਜੀ ਬਹਾਦਰ ਸ਼ਾਹ ਨਾਲ ਗੱਲਬਾਤ ਕਰਦੇ ਕਰਦੇ ਨਾਦੇੜ (ਮਹਾਰਾਸ਼ਟਰ) ਪਹੁੰਚ ਗਏ। ਬਹਾਦੁਰ ਸ਼ਾਹ ਦੱਖਣ ਵਿਚ ਬਗਾਵਤ ਦਬਾਉਣ ਲਈ ਜਾ ਰਿਹਾ ਸੀ। ਆਪ ਜੀ ਇਹ ਕਹਿ ਕੇ ਨਾਦੇੜ ਰੁਕ ਗਏ ਕਿ ਆਪ ਜੀ ਨੂੰ ਇਥੇ ਕੁਝ ਕੰਮ ਸੀ। ਬਹਾਦੁਰ ਸ਼ਾਹ ਅਗੇ ਬਿਦਰ (ਹੈਦਰਾਬਾਦ) ਵਲ ਚਲਾ ਗਿਆ। ਗੁਰੂ ਜੀ ਇਥੇ ਇਕ ਕਰਾਮਾਤੀ ਮਾਧੋ ਦਾਸ (ਪਹਿਲਾ ਨਾਮ ਲਛਮਣ ਦਾਸ) ਨੂੰ ਸੋਧਣ ਆਏ ਸਨ। ਸੂਰਜ ਗ੍ਰਹਿਣ ਵਾਲੇ ਦਿਨ ਆਪ ਜੀ ਇਸ ਸਾਧੂ ਦੀ ਕੁਟੀਆ ਵਿਚ ਗਏ ਤੇ ਉਸ ਦੇ ਆਸਨ ਉੱਪਰ ਬੈਠ ਗਏ। ਸਾਧੂ ਬਾਹਰ ਗਿਆ ਹੋਇਆ ਸੀ। ਉਸ ਦੇ ਚੇਲਿਆਂ ਨੇ ਜਾ ਕੇ ਆਪਣੇ ਗੁਰੂ ਨੂੰ ਖਬਰ ਕੀਤੀ। ਉਸ ਨੇ ਆਪਣੀਆਂ ਸਾਰੀਆਂ ਸ਼ਕਤੀਆਂ ਦਾ ਜ਼ੋਰ ਲਾਇਆ ਪਰ ਉਹ ਨਾ ਗੁਰੂ ਜੀ ਨੂੰ ਡਰਾ ਸਕਿਆ ਨਾ ਆਪਣੇ ਆਸਨ ਤੋਂ ਹਟਾ ਸਕਿਆ। ਉਹ ਸਮਝ ਗਿਆ ਕਿ ਕੋਈ ਉਸ ਕੋਲੋਂ ਜ਼ਿਆਦਾ ਸ਼ਕਤੀਸ਼ਾਲੀ ਆ ਬੈਠਾ ਹੈ। ਉਹ ਆ ਕੇ ਗੁਰੂ ਜੀ ਦੇ ਚਰਨੀਂ ਢਹਿ ਪਿਆ ਤੇ ਪੁਛਣ ਤੇ ਕਿ ਤੂੰ ਕੌਣ ਹੈ, ਬੋਲਿਆ, "ਮੈਂ ਆਪ ਦਾ ਬੰਦਾ ਹਾਂ।" ਗੁਰੂ ਜੀ ਨੇ ਕਿਹਾ ਕਿ ਜੇ ਬੰਦਾ ਹੈਂ ਤਾਂ ਬੰਦਿਆਂ ਵਾਲੇ ਕੰਮ ਕਰ। ਗੁਰੂ ਜੀ ਨੇ ਉਸ ਨੂੰ ਅੰਤਰ ਧਿਆਨ ਕਰ ਕੇ ਦਿਖਾਇਆ ਕਿ ਕਿਦਾਂ ਮੁਗ਼ਲ ਹਕੂਮਤ ਨੇ ਅਧਰਮ ਮਚਾਇਆ ਹੋਇਆ ਸੀ, ਅਨਿਆਏ ਕਰ ਰਹੀ ਸੀ, ਲੋਕਾਂ ਦੇ ਜ਼ਬਰਦਸਤੀ ਧਰਮ ਬਦਲਣ ਤੇ ਧਰਮ ਅਸਥਾਨ ਢਾਹਣ ਵਿਚ ਲੱਗੀ ਹੋਈ ਸੀ ਤੇ ਖ਼ੂਨ-ਖਰਾਬਾ ਕਰ ਰਹੀ ਸੀ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਜਦੋਂ ਸਾਰਾ ਦੇਸ਼ ਤੇ ਸਾਰੀ ਕੌਮ ਅਧਰਮ ਤੋਂ ਦੁਖੀ



Digitized by Panjab Digital Library | www.panjabdigilib.org

ਤੇ ਪੀੜਤ ਹੋਏ ਤਾਂ ਕਿਸੇ ਦੀ ਸ਼ੱਖਸੀ ਮੁਕਤੀ ਪ੍ਰਾਪਤੀ ਦਾ ਕੀ ਲਾਭ ਹੈ। ਇਕ ਧਾਰਮਿਕ ਆਦਮੀ ਨੇ ਆਪਣਾ ਮੋਕਸ਼ ਤਾਂ ਪ੍ਰਾਪਤ ਕਰਨਾ ਹੀ ਹੈ, ਪਰ ਸਮਾਜ ਪ੍ਰਤੀ ਆਪਣੀ ਜ਼ੁਮੇਂਵਾਰੀ ਨੂੰ ਨਹੀਂ ਭੁਲਣਾ। ਉਸ ਪ੍ਰਭੂ ਭਗਤੀ ਦਾ ਕੋਈ ਲਾਭ ਨਹੀਂ ਜੇ ਉਸ ਵਿਚ ਮਨੁੱਖਤਾ ਪ੍ਰਤੀ ਪਿਆਰ ਨਹੀਂ ਰਹਿੰਦਾ। ਜੇ ਪ੍ਰਭੂ ਨੂੰ ਪਿਆਰ ਕਰਦੇ ਹੋ ਤਾਂ ਪ੍ਰਭੂ ਦੀ ਕਿਰਤ ਮਨੁੱਖ ਨੂੰ ਵੀ ਪਿਆਰ ਕਰੋ। ਆਪ ਜੀ ਨੇ ਕਿਹਾ ਕਿ ਇਸ ਅਧਰਮ ਨੂੰ ਦੂਰ ਕਰਨ ਵਿਚ ਹੀ ਮੋਕਸ਼ ਹੈ।

ਇਹ ਬੜਾ ਕਰਾਂਤੀਕਾਰੀ ਵਿਚਾਰ ਸੀ। ਸਾਡੇ ਦੇਸ਼ ਵਿਚ ਆਪਣੀ ਮੁਕਤੀ ਤੇ ਤਾਂ ਜ਼ੋਰ ਸੀ, ਪਰ ਕਿਸੇ ਸਾਧੂ ਜਾਂ ਸਨਿਆਸੀ ਨੂੰ ਉਸ ਦੀ ਸਮਾਜੀ ਜੁਮੇਂਵਾਰੀ ਨਹੀਂ ਸੀ ਸਮਝਾਈ ਜਾਂਦੀ। ਲੱਖਾਂ ਦੀ ਗਿਣਤੀ ਵਿਚ ਸਾਧੂ-ਸੰਤ ਜੰਗਲਾਂ ਵਿਚ ਬੈਠੇ ਮੁਕਤੀ ਦੀ ਤਲਾਸ਼ ਕਰ ਰਹੇ ਹਨ ਤੇ ਜਿਸ ਸਮਾਜ ਦਾ ਦਿੱਤਾ ਉਹ ਖਾਂਦੇ ਹਨ ਉਹ ਜ਼ੁਲਮ ਥੱਲੇ ਪੀਸੀ ਜਾ ਰਹੀ ਹੈ। ਇਹ ਤਲਾਸ਼ ਅਧੂਰੀ ਹੈ। ਇਕ ਪੂਰਨ ਧਾਰਮਿਕ ਆਦਮੀ ਆਪਣੀ ਮੁਕਤੀ ਦੇ ਨਾਲ-ਨਾਲ ਆਪਣੇ ਸਮਾਜ ਦੀ ਮੁਕਤੀ ਬਾਰੇ ਵੀ ਸੋਚੇਗਾ। ਸਮਾਜ ਵਿਚ ਅਨਿਆਏ ਦੂਰ ਕਰਨਾ, ਜ਼ੁਲਮ ਲਈ ਲੜਨਾ, ਦੁਖ-ਦਰਿਦਰ ਦੂਰ ਕਰਨਾ, ਇਕ ਧਾਰਮਿਕ ਆਦਮੀ ਦੇ ਧਰਮ ਦਾ ਅੰਗ ਹੈ। ਜੇ ਸਮਾਜ ਵਿਚ ਅਧਰਮ ਹੈ ਤਾਂ ਕਿਸੇ ਇਕ ਦਾ ਧਰਮੀ ਹੋਣਾ ਕੋਈ ਅਰਥ ਨਹੀਂ ਰੱਖਦਾ। ਗੁਰੂ ਜੀ ਨੇ ਸਮਝਾਇਆ ਕਿ ਜਿਹੜਾ ਧਰਮ ਲਈ ਜੂਝ ਜਾਂਦਾ ਹੈ ਉਹ ਵੀ ਮੋਕਸ਼ ਨੂੰ ਪ੍ਰਾਪਤ ਹੁੰਦਾ ਹੈ। ਜੇ ਪ੍ਰਭੂ ਪ੍ਰਾਪਤੀ ਦੇ ੧੦੮ ਤਰੀਕੇ ਹਨ (ਇਸੇ ਲਈ ਮਾਲਾ ਦੇ ਆਮ ਕਰਕੇ ਐਨੇ ਹੀ ਮਣਕੇ ਹੁੰਦੇ ਹਨ ਤੇ ਵੱਡੇ ਧਾਰਮਿਕ ਆਦਮੀ ਨੂੰ 'ਸ੍ਰੀ ਸ੍ਰੀ ੧੦੮ ਸ੍ਰੀ' ਕਰਕੇ ਬੁਲਾਇਆ/ਲਿਖਿਆ ਜਾਂਦਾ ਹੈ) ਤਾਂ ਗੁਰੂ ਜੀ ਨੇ ਧਰਮ ਲਈ ਸ਼ਹੀਦ ਹੋਣ ਤੇ ਮੁਕਤੀ ਪਾਉਣ ਦਾ ੧੦੯ਵਾਂ ਤਰੀਕਾ ਦੱਸਿਆ।

ਗੁਰੂ ਜੀ ਦਾ ਉਪਦੇਸ਼ ਸੁਣ ਕੇ ਬੰਦਾ ਬਹਾਦਰ ਵਿਚ ਧਰਮ ਲਈ ਲੜਨ ਤੇ ਜੂਝਣ ਦਾ ਚਾਅ ਉਮੰਡ ਆਇਆ। ਉਹ ਅੰਮ੍ਰਿਤ ਛੱਕ ਕੇ ਸਿੰਘ ਸਜਿਆ ਤੇ ਬੰਦਾ ਸਿੰਘ ਦੇ ਨਾਮ ਨਾਲ ਨਿਵਾਜਿਆ ਗਿਆ। ਗੁਰੂ ਜੀ ਦਾ ਅਸ਼ੀਰਵਾਦ ਪਾਕੇ ਉਹ ਪੰਜਾਬ ਵੱਲ ਤੁਰ ਪਿਆ ਤੇ ਸਿੰਘਾਂ ਨੂੰ ਸੰਗਠਿਤ ਕਰਕੇ ਉਸ ਨੇ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ-ਕਸ਼ਮੀਰ ਵਿਚ ਅਧਰਮੀਆਂ ਨੂੰ ਸਜ਼ਾਵਾਂ ਦਿੱਤੀਆਂ। ਸਰਹੰਦ ਸ਼ਹਿਰ ਜਿਥੇ ਛੋਟੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿਚ ਜੀਊਂਦਾ ਚਿਣਵਾਇਆ ਗਿਆ



Digitized by Panjab Digital Library | www.panjabdigilib.org

ਸੀ, ਦੀ ਇੱਟ ਨਾਲ ਇੱਟ ਵਜਾ ਦਿੱਤੀ। ਅਖੀਰ ਵਿਚ ਉਹ ਧੋਖੇ ਨਾਲ ਪਕੜਿਆ ਗਿਆ ਤੇ ਉਸ ਦਾ ਅੰਗ-ਅੰਗ ਕੱਟ ਕੇ ਉਸ ਨੂੰ ਦਿੱਲੀ ਦੇ ਨੇੜੇ ਕੁਤਬ ਮੀਨਾਰ ਵਿਖੇ ੯-੬-੧੭੧੬ ਨੂੰ ਸ਼ਹੀਦ ਕਰ ਦਿਤਾ ਗਿਆ। ਇਸ ਸ਼ਹਾਦਤ ਬਾਰੇ ਸਾਡੇ ਦੇਸ਼ ਦੇ ਮਹਾਨ ਕਵੀ ਰਾਬਿੰਦਰ ਨਾਥ ਟੈਗੋਰ ਨੇ ਇਕ ਦਿਲ ਹਿਲਾਣ ਵਾਲੀ ਸ਼ਰਧਾਂਜਲੀ ਦਿੱਤੀ ਸੀ ਜਿਸ ਦਾ ਪੰਜਾਬੀ ਅਨੁਵਾਦ **ਅੰਤਕਾ ਨੰ:** ੪ ਵਿਚ ਦਿੱਤਾ ਗਿਆ ਹੈ। ਟੈਗੋਰ ਲਿਖਦੇ ਹਨ—

—ਐਸਾ ਭਿਆਨਕ ਦ੍ਰਿਸ਼ ਸੀ, ਵੇਖਣ ਵਾਲੇ ਕਹਿਣ।
ਨਾਲ ਜੰਬੂਰਾਂ ਨੋਚਦੇ ਪਹਿਲਾਂ ਕਢੇ ਨੈਣ ।
ਲਾਲ ਸੁਲਾਖਾਂ ਕੀਤੀਆਂ ਇਕ ਇਕ ਅੰਗ ਜਲਾਣ।
ਫਤਹ ਗਜਾਈ ਸਿਖ ਨੇ ਤਨ 'ਚੋਂ ਉਡੇ ਪ੍ਰਾਣ।੨੦।

○ ○ ○



Digitized by Panjab Digital Library | www.panjabdigilib.org

# ੨੪
# ਗੁਰੂ ਜੀ ਦੀ ਸ਼ਹਾਦਤ

ਸਰਹੰਦ ਦੇ ਸੂਬੇ ਨੂੰ ਗੁਰੂ ਜੀ ਤੇ ਬਹਾਦਰ ਸ਼ਾਹ ਵਿਚਕਾਰ ਅਹਿਦਨਾਮੇ ਦਾ ਪਤਾ ਚਲ ਚੁੱਕਾ ਸੀ । ਉਹ ਗੁਰੂ ਜੀ ਨੂੰ ਛੇਤੀ ਤੋਂ ਛੇਤੀ ਖਤਮ ਕਰ ਦੇਣਾ ਚਾਹੁੰਦਾ ਸੀ, ਕਿਉਂਕਿ ਉਹ ਜਾਣਦਾ ਸੀ ਕਿ ਅਹਿਦਨਾਮੇ ਅਨੁਸਾਰ ਸਭ ਤੋਂ ਪਹਿਲੀ ਸਜ਼ਾ ਉਸ ਨੂੰ ਹੀ ਮਿਲੇਗੀ । ਇਸ ਸ਼ਾਜ਼ਸ਼ ਅਧੀਨ ਉਸਨੇ ਦੋ ਪਠਾਣ, ਜਮਸ਼ੇਦ ਖਾਂ ਤੇ ਗੁਲ ਖਾਂ ਨੂੰ ਗੁਰੂ ਜੀ ਮਗਰ ਭੇਜਿਆ । ਉਨ੍ਹਾਂ ਨੇ ਗੁਰੂ ਜੀ ਉਪਰ ੧੫-੯-੧੭੦੮ ਨੂੰ ਨਾਦੇੜ ਵਿਖੇ ਘਾਤਕ ਹਮਲਾ ਕੀਤਾ । ਜਮਸ਼ੇਦ ਖਾਂ ਨੂੰ ਗੁਰੂ ਜੀ ਨੇ ਪਕੜ ਕੇ ਥਾਏ ਹੀ ਮੁਕਾ ਦਿੱਤਾ ਤੇ ਗੁਲ ਖਾਂ ਸਿੰਘਾਂ ਦੇ ਹੱਥੋਂ ਮਾਰਿਆ ਗਿਆ । ਫੌਰੀ ਇਲਾਜ ਕੀਤਾ ਗਿਆ ਤੇ ਲੱਗਦਾ ਸੀ ਕਿ ਛੇਤੀ ਹੀ ਜ਼ਖਮ ਭਰ ਜਾਣਗੇ । ਪਰ ਇਨਫੈਕਸ਼ਨ ਅੰਦਰੋਂ ਅੰਦਰ ਜ਼ਿਆਦਾ ਫੈਲ ਗਈ ਸੀ । ੨੬ ਸਤੰਬਰ ੧੭੦੮ ਨੂੰ ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਸੰਗਤਾਂ ਨੂੰ ਦਸਿਆ ਕਿ ੧੦ ਦਿਨਾਂ ਬਾਅਦ ਆਪ ਜੀ ਨੇ ਸਰੀਰ ਤਿਆਗ ਦੇਣਾ ਹੈ, ਕਿਉਂਕਿ ਉਨ੍ਹਾਂ ਨੂੰ ਸੰਸਾਰ ਵੱਲ ਭੇਜਣ ਵਾਲੇ ਪ੍ਰਭੂ ਦਾ ਵਾਪਸ ਮੁੜ ਆਣ ਦਾ ਹੁਕਮ ਆ ਗਿਆ ਹੈ । ਇਸ ਐਲਾਨ ਬਾਅਦ ਆਪ ਜੀ ਨੇ ਪਹਿਲਾ ਕੰਮ ਇਹ ਕੀਤਾ ਕਿ ਬੰਦਾ ਸਿੰਘ ਨੂੰ ਖਾਲਸਾ ਫੌਜ ਦਾ ਕਮਾਂਡਰ ਬਣਾ ਕੇ ਪੰਜਾਬ ਭੇਜ ਦਿਤਾ ਤਾਂਕਿ ਉਹ ਉਥੇ ਸਿੰਘਾਂ ਨੂੰ ਜੱਥੇਬੰਦੀ ਵਿਚ ਰਖ ਸਕੇ ਤੇ ਖਾਲਸੇ ਨੂੰ ਹਕੂਮਤ ਵਲੋਂ ਜ਼ੁਲਮ ਦਾ ਟਾਕਰਾ ਕਰਨ ਤੇ ਦੁੱਖੀਆਂ ਨੂੰ ਬਚਾਉਣ ਲਈ ਤਿਆਰ ਬਰ ਤਿਆਰ ਰੱਖ ਸਕੇ । ਪੰਜ ਦਿਨਾਂ ਬਾਅਦ ਆਪ ਜੀ ਨੇ ਭਰੀ ਸੰਗਤ ਵਿਚ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਮਥਾ ਟੇਕਿਆ, ਚੌਰ ਝੁਲਾਇਆ ਤੇ ਗ੍ਰੰਥ ਸਾਹਿਬ ਜੀ ਨੂੰ ਗੁਰੂ ਗੱਦੀ ਬਖ਼ਸ਼ ਦਿੱਤੀ । ਇਸ ਦੇ ਬਾਅਦ ਆਪ ਜੀ ਨੇ ਦੇਹ ਧਾਰੀ ਗੁਰੂ ਦਾ ਸਿਲਸਿਲਾ ਖਤਮ ਕਰ ਦਿਤਾ । ਆਪ ਜੀ ਨੇ ਕਿਹਾ—



Digitized by Panjab Digital Library | www.panjabdigilib.org

—ਅਕਾਲ ਪੁਰਖ ਕੇ ਬਚਨ ਸਿਉ ਪ੍ਰਗਟ ਚਲਾਇਓ ਪੰਥ ॥
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਖਾਲਸਾ ਮਾਨੀਐ ਪਰਗਟ ਗੁਰੂ ਕੀ ਦੇਹਿ ॥
ਜੋ ਸਿੱਖ ਮੋ ਮਿਲਬੋ ਚਹਹਿ ਖੋਜ ਇਨਹੁ ਮਹਿ ਲੇਹੁ ॥

ਆਪ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਵਾਕ ਲੈਣ ਲਈ ਕਿਹਾ । ਵਾਕ ਸੀ—

—ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥
ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥
॥੧॥ਰਹਾਉ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥
ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥੩॥
ਨਿਰਭਉ ਭਏ ਸਗਲ ਭੈ ਖੋਏ ਗੋਬਿੰਦ ਚਰਣ ਓਟਾਈ ॥
ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥
(ਪੰਨਾ ੧੦੦੦)

ਗੁਰਵਾਕ ਠੀਕ ਹੀ ਆਇਆ ਸੀ ਕਿ ਹੁਣ ਗੁਰੂ ਗੋਬਿੰਦ ਸਿੰਘ ਜੀ ਲਈ ਸ੍ਰਮ ਪੂਰਨ ਹੋ ਗਿਆ ਸੀ ਤੇ ਵਿਸਰਾਮ ਕਰਨ ਦਾ ਸਮਾਂ ਆ ਗਿਆ ਸੀ, "ਸ੍ਰਮੁ ਥਾਕਾ ਪਾਏ ਬਿਸ੍ਰਾਮਾ" । ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਸਰੂਪ ਦੀ ਬੀੜ ਨਾਦੇੜ ਨਿਵਾਸੀ ਅਬਾਦਾਨ ਖਾਂ ਕੋਲ ਸੀ ਜਿਹੜਾ ਨਾਦੇੜ ਤੋਂ ਗੋਬਿੰਦਗੜ੍ਹ (ਪੰਜਾਬ) ਤੇ ਫਿਰ ਪਾਕਿਸਤਾਨ ਚਲਾ ਗਿਆ । ਉਸ ਕੋਲੋਂ ਇਹ ਬੀੜ ਲਿਆਉਣ ਦੀ ਕੋਸ਼ਿਸ਼ ਹੋ ਰਹੀ ਹੈ ।



Digitized by Panjab Digital Library | www.panjabdigilib.org

ਗ੍ਰੰਥ ਸਾਹਿਬ ਜੀ ਨੂੰ ਗੁਰੂ ਸਥਾਪਤ ਕਰਕੇ ਆਪ ਜੀ ਨੇ ਸੰਗਤਾਂ ਨੂੰ ਇਸ ਦੇ ਲੜ ਲਾ ਦਿੱਤਾ। ੬ ਅਕਤੂਬਰ ੧੭੦੮ ਨੂੰ ਆਪ ਜੀ ਨੇ ਨੀਲੇ ਵਸਤ੍ਰ ਪਾਏ, ਕੇਸਰੀ ਕਮਰਕਸਾ ਬੰਨ੍ਹਿਆ, ਦੋ ਕਿਰਪਾਨਾਂ ਪਾਈਆਂ, ਹੱਥ ਵਿਚ ਨੇਜ਼ਾ ਪਕੜਿਆ ਤੇ ਨੀਲੇ ਘੋੜੇ ਤੇ ਸਵਾਰ ਹੋ ਕੇ ਸ਼ਹਿਰ ਦਾ ਚੱਕਰ ਲਾਇਆ। ਆਪ ਜੀ ਨੇ ਸਿੱਖਾਂ ਨੂੰ ਕਿਹਾ ਕਿ ਜੇ ਕਿਸੇ ਨੇ ਮੇਰਾ ਦਰਸ਼ਨ ਕਰਨਾ ਹੋਏ ਤਾਂ ਉਹ ਮੇਰੇ ਇਸ ਸੰਤ-ਸਿਪਾਹੀ ਸ਼ਕਤੀ ਵਾਲੇ ਰੂਪ ਨੂੰ ਹੀ ਚੇਤੇ ਕਰੇ। ੭ ਅਕਤੂਬਰ ੧੭੦੮ ਨੂੰ ਅੰਮ੍ਰਿਤ ਵੇਲੇ ਕੀਰਤਨ ਸੁਣ ਰਹੇ ਸਨ ਕਿ ਆਪ ਜੀ ਨੇ ਗੱਜ ਕੇ ਫਤਹ ਬੁਲਾਈ ਤੇ ਆਪਣੀ ਜੋਤ ਪ੍ਰਮਜੋਤ ਵਿਚ ਮਿਲਾ ਲਈ। ਇਤਿਹਾਸਕਾਰ ਸੈਨਾਪਤੀ ਲਿਖਦੇ ਹਨ, "ਇਮ ਕਾਰਨ ਕਾਰਜ ਜੋ ਕਰ ਹੀ, ਮਿਲਿ ਜੋਤ ਸੋ ਜੋਤਿ ਗਈ ਤਬਹੀ।"

ੲ ੲ ੲ



Digitized by Panjab Digital Library | www.panjabdigilib.org

੨੫

# ਗੁਰੂ ਜੀ ਦੀ ਸ਼ਖਸੀਅਤ

।

ਗੁਰੂ ਜੀ ਦੀ ਸ਼ਖਸੀਅਤ ਬਾਰੇ ਮੇਰੇ ਵਰਗਾ ਮਨੁੱਖ ਕੀ ਕਹਿ ਸਕਦਾ ਹੈ । ਮੇਰੀ ਸਮਝੇ ਗੁਰੂ ਜੀ ਵਿਚ ਉਹ ਸਾਰੇ ਗੁਣ ਮੌਜੂਦ ਸਨ ਜਿਹੜੇ ਹਾਲੀ ਤੱਕ ਆਏ ਕਿਸੇ ਪੀਰ-ਪੈਗੰਬਰ, ਅਵਤਾਰ-ਔਲੀਆ ਵਿਚ ਸਨ । ਗੁਰੂ ਜੀ ਸਰਬ-ਗੁਣ ਸੰਪੰਨ ਸਨ । ਆਪਜੀ ਵਿਚ ਰਾਮ ਵਰਗਾ ਤਿਆਗ ਸੀ, ਕ੍ਰਿਸ਼ਨ ਵਰਗੀ ਰਾਜਨੀਤੀ ਸੀ, ਬੁੱਧ ਵਰਗੀ ਚੇਤਨਾ ਸੀ, ਈਸਾ ਵਰਗਾ ਭੋਲਾਪਨ ਸੀ, ਮੁਹੰਮਦ ਵਰਗਾ ਜੋਸ਼ ਸੀ ਤੇ ਪਰਸ ਰਾਮ ਵਰਗੀ ਵੀਰਤਾ ਸੀ । ਕਿਸੇ ਇਕ ਵਿਚ ਐਨੇ ਗੁਣ ਨਹੀਂ ਮਿਲਦੇ । ਧੰਨ ਸਨ ਗੁਰੂ ਗੋਬਿੰਦ ਸਿੰਘ ਜੀ ।

○ ○ ○



Digitized by Panjab Digital Library | www.panjabdigilib.org

# ੨੬
# ਗੁਰੂ ਜੀ ਦੀ ਦੇਣ—ਗ੍ਰੰਥ ਤੇ ਪੰਥ

ਹਾਲੀ ਤਕ ਜੋ ਵੀ ਅਵਤਾਰ-ਔਲੀਆ ਆਏ ਸਨ ਉਨ੍ਹਾਂ ਨੇ ਅਧਰਮੀ ਨੂੰ ਮਿਟਾਇਆ ਸੀ ਅਧਰਮ ਨੂੰ ਨਹੀਂ, ਜ਼ਾਲਮ ਨੂੰ ਹਟਾਇਆ ਸੀ ਜ਼ੁਲਮ ਨੂੰ ਨਹੀਂ। ਰਾਮ ਨੇ ਰਾਵਣ ਨੂੰ ਮਾਰ ਦਿੱਤਾ ਤੇ ਬਭੀਸ਼ਣ ਨੂੰ ਰਾਜ ਗੱਦੀ ਦੇ ਦਿਤੀ। ਉਸ ਦੇ ਮਗਰੋਂ ਅਧਰਮ ਨੇ ਫਿਰ ਸਿਰ ਚੁੱਕ ਲਿਆ। ਕ੍ਰਿਸ਼ਨ ਨੇ ਕੌਰਵ ਦੀਆਂ ਫੌਜਾਂ ਨੂੰ ਹਰਾ ਕੇ ਪਾਂਡਵ ਨੂੰ ਰਾਜ ਦਿਵਾ ਦਿੱਤਾ। ਪਰ ਬਾਅਦ ਵਿਚ ਉਨ੍ਹਾਂ ਰਾਜ ਛੱਡ ਦਿੱਤਾ ਤੇ ਮੁੜ ਅਧਰਮ ਦਾ ਰਾਜ ਆ ਗਿਆ। ਜਿਹੜੇ ਵੀ ਆਏ ਉਨ੍ਹਾਂ ਨੇ ਅਧਰਮ ਦਾ ਟਾਕਰਾ ਕਰਨ ਲਈ ਕੋਈ ਪੁਖਤਾ ਪੱਕਾ ਇੰਤਜ਼ਾਮ ਨਹੀਂ ਕੀਤਾ, ਪਰ ਗੁਰੂ ਜੀ ਨੇ ਇਹ ਮਹਾਨ ਕੰਮ ਕੀਤਾ। ਗੁਰੂ ਜੀ ਦੇ ਆਪਣੇ ਬਚਨਾਂ ਵਿਚ ਉਨ੍ਹਾਂ ਸਾਨੂੰ ਗ੍ਰੰਥ ਤੇ ਪੰਥ ਦਿਤਾ। ਉਨ੍ਹਾਂ ਦੇ ਸ਼ਬਦ ਅਸੀਂ ਰੋਜ਼ ਅਰਦਾਸ ਸਮੇਂ ਦਹੁਰਾਂਦੇ ਹਾਂ—

—ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦਿ ਮੈ ਲੇਹ ॥

ਆਪ ਜੀ ਨੇ ਦੇਹ-ਧਾਰੀ ਗੁਰੂ ਦੀ ਪ੍ਰਮਪਰਾ ਸਮਾਪਤ ਕਰ ਦਿੱਤੀ ਤੇ ਗ੍ਰੰਥ ਨੂੰ ਗੁਰਤਾ ਪ੍ਰਦਾਨ ਕਰ ਦਿੱਤੀ। ਹੁਣ ਖਾਲਸੇ ਦਾ ਧਾਰਮਿਕ ਉਪਦੇਸ਼ ਨਹੀਂ ਬਦਲਿਆ ਜਾ ਸਕਦਾ, ਉਸ ਦੀ ਪ੍ਰਮਪਰਾ ਨਹੀਂ ਬਦਲੀ ਜਾ ਸਕਦੀ ਤੇ ਕੋਈ ਵੀ ਗੁਰੂ ਸਿੱਖ ਨੂੰ ਗੁਮਰਾਹ ਨਹੀਂ ਕਰ ਸਕਦਾ। ਸਿੱਖ ਨੂੰ ਲਿਖਤੀ ਰੂਪ ਵਿਚ ਧਾਰਮਿਕ ਮਾਰਗ ਦਰਸ਼ਨ ਮਿਲ ਗਿਆ।



Digitized by Panjab Digital Library | www.panjabdigilib.org

ਹਰ ਧਰਮ ਦੇ ਧਰਮ ਗ੍ਰੰਥ ਹਨ, ਪਰ ਇਨ੍ਹਾਂ ਨੂੰ ਇਸ ਧਰਮ ਦੇ ਬਾਨੀਆਂ ਨੇ ਨਹੀਂ ਲਿਖਿਆ, ਈਸਾਈਆਂ ਦੀ ਬਾਈਬਲ, ਮੁਸਲਮਾਨਾਂ ਦਾ ਕੁਰਾਨ ਤੇ ਹਿੰਦੂਆਂ ਦੀ ਗੀਤਾ ਨੂੰ ਇਨ੍ਹਾਂ ਪੈਗੰਬਰਾਂ/ਅਵਤਾਰਾਂ ਦੇ ਚਲੇ ਜਾਣ ਦੇ ਬਹੁਤ ਬਾਅਦ ਵਿਚ ਲਿਖਿਆ ਗਿਆ। ਪਰ ਗੁਰਬਾਣੀ ਗੁਰੂਆਂ ਨੇ ਆਪ ਲਿਖੀ ਤੇ ਸੰਭਾਲੀ, ਤੇ ਪੰਜਵੇਂ ਗੁਰੂ ਨੇ ਇਸ ਬਾਣੀ ਨੂੰ ਇਕ ਗ੍ਰੰਥ ਵਿਚ ਸੰਪਾਦਿਤ ਕਰਕੇ ਰਲੇ-ਗਲੇ ਤੋਂ ਬਚਾ ਲਿਆ। ਗੁਰੂ ਗੋਬਿੰਦ ਸਿੰਘ ਨੇ ਇਸ ਗ੍ਰੰਥ ਨੂੰ ਗੁਰੂ ਦੀ ਪਦਵੀ ਦਿਤੀ।

ਜੋ ਆਦਰ ਤੇ ਸਤਿਕਾਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੰਘਾਂ ਵਲੋਂ ਮਿਲਦਾ ਹੈ ਓਨਾ ਦੂਸਰੇ ਧਰਮ ਵਾਲੇ ਆਪਣੇ ਧਰਮ ਗ੍ਰੰਥਾਂ ਨੂੰ ਨਹੀਂ ਦੇਂਦੇ। ਇਹ ਦੇਖਕੇ ਦੁੱਖ ਹੁੰਦਾ ਹੈ ਕਿ ਕੋਈ ਇਸਾਈ ਬਾਈਬਲ ਨੂੰ ਜੇਬ ਵਿਚ ਪਾਈ ਫਿਰਦਾ ਹੈ, ਕੋਈ ਹਿੰਦੂ ਗੀਤਾ ਨੂੰ ਹੱਥ ਵਿਚ ਚੁੱਕੀ ਫਿਰਦਾ ਹੈ, ਕੋਈ ਮੁਸਲਮਾਨ ਕੁਰਾਨ ਨੂੰ ਕਛ ਵਿਚ ਮਾਰੀ ਫਿਰਦਾ ਹੈ। ਫਰਕ ਸ਼ਾਇਦ ਇਸ ਕਰਕੇ ਹੈ ਕਿ ਸਾਡੇ ਲਈ ਗ੍ਰੰਥ ਗੁਰੂ ਹੈ ਪਰ ਉਨ੍ਹਾਂ ਲਈ ਇਹ ਧਰਮ ਪੁਸਤਕਾਂ ਕੇਵਲ ਪੁਸਤਕਾਂ ਹਨ ਜਿਹੜੀਆਂ ਗੁਰੂ ਦਾ ਦਰਜਾ ਨਹੀਂ ਰਖਦੀਆਂ। ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪ ਜੀ ਦੇ ਸਥਾਨ ਤੋਂ ਲਿਜਾਣ ਲਈ ਸ਼ਾਨਦਾਰ ਪ੍ਰਮਪਰਾ ਹੈ। ਘੱਟੋ ਘੱਟ ਪੰਜ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਨਾਲ ਹੋਣ, ਇਕ ਅੱਗੋਂ ਰਸਤਾ ਸਾਫ਼ ਕਰਦਾ ਜਾਏ ਤੇ ਦੂਸਰਾ ਪਿਛੇ ਸਿਰ ਉਪਰ ਚੌਰ ਕਰਦਾ ਜਾਏ ਤੇ ਬਾਕੀ ਸਿੰਘ ਗੁਰੂ ਜੀ ਦੀ ਉਪਮਾ ਦੇ ਸ਼ਬਦ ਪੜ੍ਹਦੇ ਜਾਂ ਵਾਹਿਗੁਰੂ ਨਾਮ ਦਾ ਜਾਪ ਕਰਦੇ ਪਿਛੇ-ਪਿਛੇ ਬੜੇ ਸਤਿਕਾਰ ਨਾਲ ਜਾਣ।

ਗੁਰੂ ਜੀ ਦੀ ਦੂਸਰੀ ਦੇਣ ਹੈ ਪੰਥ ਦੀ, ਅਧਰਮ ਦਾ ਟਾਕਰਾ ਕਰਨ ਤੇ ਧਰਮ ਨੂੰ ਬਚਾਈ ਰਖਣ ਲਈ ਆਪ ਜੀ ਨੇ ਖਾਲਸੇ ਦੀ ਫੌਜ ਦਾ ਨਿਰਮਾਣ ਕੀਤਾ। ਆਪਣੇ ਜੀਵਨ ਕਾਲ ਵਿਚ ਗੁਰੂ ਜੀ ਨੇ ਖਾਲਸਾ ਪੰਥ ਨੂੰ ਅਨਿਆਏ ਦੇ ਵਿਰੁੱਧ ਲੋਹਾ ਲੈਣ ਤੇ ਲੋੜ ਪਏ ਤਾਂ ਸ਼ਹੀਦੀ ਪ੍ਰਾਪਤ ਕਰਨਾ ਸਿਖਾਇਆ। ਗੁਰੂ ਜੀ ਨੇ ਸ਼ਹੀਦੀ ਦੀ ਸਿਰਫ ਗੱਲ ਹੀ ਨਹੀਂ ਕੀਤੀ ਬਲਕਿ ਆਪਣਾ ਸਾਰਾ ਬੰਸ ਕੁਰਬਾਨ ਕਰਕੇ ਸ਼ਹੀਦੀਆਂ ਦੇਣ ਦਾ ਰਾਹ ਦਰਸਾਇਆ। ਗੁਰੂ ਜੀ ਨੇ ਨੌ ਸਾਲ ਦੀ ਉਮਰ ਵਿਚ ਆਪਣੇ ਪਿਤਾ ਜੀ ਨੂੰ ਅਧਰਮ ਦੇ ਵਿਰੁੱਧ ਆਵਾਜ਼ ਉਠਾਉਣ ਤੇ ਲੋੜ ਪੈਣ ਤੇ ਸੀਸ ਦੇਣ ਲਈ, ਮੁਗਲ ਹਕੂਮਤ ਕੋਲ ਭੇਜ ਦਿੱਤਾ। ਆਪ ਜੀ ਨੇ ਆਪਣੇ ਚਾਰੋਂ ਸਾਹਿਬਜ਼ਾਦੇ ਧਰਮ ਲਈ ਬਲੀਦਾਨ ਕਰ ਦਿਤੇ ਦੋ ਜੰਗ ਵਿਚ ਸ਼ਹੀਦ ਹੋ ਗਏ ਤੇ



Digitized by Panjab Digital Library | www.panjabdigilib.org

ਛੋਟੇ ਦੋ ਜੀਊਂਦੇ ਕੰਧਾਂ ਵਿਚ ਚਿੰਣ ਦਿਤੇ ਗਏ। ਆਪ ਜੀ ਦੀ ਬ੍ਰਿਧ ਮਾਤਾ ਜੀ ਨੂੰ ਮੁਗਲ ਹਕੂਮਤ ਨੇ ਠੰਡੇ ਬੁਰਜ ਤੋਂ ਧਕਾ ਦੇ ਕੇ ਮਾਰ ਸੁਟਿਆ। ਤੇ ਆਪ ਗੁਰੂ ਜੀ ਸੂਬਾ ਸਰਹੰਦ ਦੇ ਭੇਜੇ ਹਤਿਆਰਿਆਂ ਦੇ ਕਾਤਲਾਨਾ ਹਮਲੇ ਦੇ ਸ਼ਿਕਾਰ ਹੋਏ। ਹੈ ਕੋਈ ਐਸੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਜਿਥੇ ਕਿਸੇ ਇਕ ਗੁਰੂ ਨੇ ਐਸੀਆਂ ਕੁਰਬਾਨੀਆਂ ਦਿੱਤੀਆਂ ਹੋਣ ? ਇਸ ਲਈ ਕੋਈ ਹੈਰਾਨੀ ਨਹੀਂ ਕਿ ਖਾਲਸਾ ਪੰਥ ਵਿਚ ਧਰਮ ਲਈ ਜੂਝਣ ਦਾ ਚਾਉ ਗੁੜ੍ਹਤੀ ਵਿਚ ਮਿਲਿਆ ਹੈ।

ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਖਾਲਸੇ ਨੂੰ ਆਪਣੀ ਰਹਿਨੁਮਾਈ ਆਪ ਕਰਨ ਦੀ ਸਿੱਖਿਆ ਦਿਤੀ ਤੇ ਪੰਥ ਨੂੰ ਪੰਜ ਪਿਆਰਿਆਂ ਦੇ ਅਧੀਨ ਰਖਿਆ। ਆਪ ਜੀ ਨੇ ਆਪ ਪੰਜ ਪਿਆਰਿਆਂ ਕੋਲੋਂ ਹੱਥ ਜੋੜ ਕੇ ਗੋਡੇ ਪਰਨੇ ਹੋ ਕੇ ਅੰਮ੍ਰਿਤ ਦੀ ਦਾਤ ਮੰਗੀ ਤੇ ਉਨ੍ਹਾਂ ਕੋਲੋਂ ਅੰਮ੍ਰਿਤ ਛਕਿਆ। ਆਪ ਜੀ ਨੇ ਆਪਣੀ ਸਿਆਣਪ ਤੇ ਸੂਝ-ਬੂਝ ਦੇ ਖਿਲਾਫ ਖਾਲਸੇ ਦੇ ਕਹਿਣ ਤੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਿਆ ਤਾਂਕਿ ਖਾਲਸਾ ਆਪ ਆਪਣਾ ਫੈਸਲਾ ਕਰੇ ਤੇ ਕੀਤੇ ਫੈਸਲਿਆਂ ਤੋਂ ਅਨੁਭਵ ਲਏ। ਆਪ ਜੀ ਨੇ ਚਮਕੌਰ ਦੀ ਗੜ੍ਹੀ ਛਡੀ ਕਿਉਂਕਿ ਇਹ ਪੰਜ ਪਿਆਰਿਆਂ ਦਾ ਆਦੇਸ਼ ਸੀ। ਦਾਦੂ ਦੀ ਕਬਰ ਤੇ ਤੀਰ ਸੁੱਟਣ ਕਾਰਣ (ਜਿਸ ਨੂੰ ਖਾਲਸੇ ਨੇ ਕਬਰ ਨੂੰ ਸਲਾਮ ਸਮਝਿਆ), ਆਪ ਜੀ ਨੂੰ ਪੰਜ ਪਿਆਰਿਆਂ ਨੇ ਤਨਖਾਹ ਲਾਈ ਜਿਹੜੀ ਆਪ ਜੀ ਨੇ ਸਤਿਕਾਰ ਨਾਲ ਮੰਨੀ ਤੇ ਪੂਰੀ ਕੀਤੀ। ਇਦਾਂ ਆਪ ਜੀ ਨੇ ਪੰਜ ਪਿਆਰਿਆਂ ਨੂੰ ਪੰਥ ਦਾ ਆਗੂ ਬਣਾ ਦਿੱਤਾ ਤੇ ਖਾਲਸੇ ਨੂੰ ਆਪਣਾ ਫੈਸਲਾ ਆਪ ਕਰਨ ਦਾ ਰਾਹ ਦਸਿਆ।

ਦੁਰਭਾਗ ਵਸ ਪੰਥ ਨੇ ਪੰਜ ਪਿਆਰਿਆਂ ਦੀ ਅਗਵਾਈ ਛੱਡ ਕੇ ਵੋਟਾਂ ਰਾਹੀਂ ਚੁਣੀ ਕਮੇਟੀ ਨੂੰ ਆਪਣਾ ਪ੍ਰਬੰਧ ਦੇ ਦਿਤਾ। ਮੈਨੂੰ ਲਗਦਾ ਹੈ ਕਿ ਇਹ ਠੀਕ ਨਹੀਂ। ਪੰਥ ਦੀ ਅਗਵਾਈ ਉਹ ਹੀ ਕਰ ਸਕਦੇ ਹਨ ਜਿਹੜੇ ਪੂਰਨ ਸਿੰਘ ਹੋਣ ਤੇ ਧਰਮ ਲਈ ਆਪਾ ਵਾਰਨ ਨੂੰ ਤਿਆਰ ਬਰ ਤਿਆਰ ਰਹਿਣ। ਜ਼ੋਰ ਜ਼ਬਰਦਸਤੀ ਰਾਹੀਂ ਜਾਂ ਪੈਸੇ ਦੇ ਜ਼ੋਰ ਰਾਹੀਂ ਕਮੇਟੀ ਵਿਚ ਆਏ ਪੰਥ ਦੀ ਠੀਕ ਅਗਵਾਈ ਨਹੀਂ ਕਰ ਸਕਦੇ। ਸਾਨੂੰ ਉਹ ਆਗੂ ਚਾਹੀਦੇ ਹਨ ਜਿਨ੍ਹਾਂ ਨੂੰ ਨਵਾਬੀਆਂ ਮਿਲਦੀਆਂ ਹੋਣ ਤੇ ਹੱਥ ਨ ਪਾਂਦੇ ਹੋਣ। ਸਾਨੂੰ ਉਹ ਪੰਜ ਪਿਆਰੇ ਚਾਹੀਦੇ ਹਨ ਜਿਨ੍ਹਾਂ ਮਗਰ ਕੁਰਸੀਆਂ ਭਜਦੀਆਂ ਫਿਰਨ ਉਹ ਨਹੀਂ ਜਿਹੜੇ ਕੁਰਸੀਆਂ ਮਗਰ ਭਜਦੇ ਰਹਿਣ। ਉਨ੍ਹਾਂ ਦੀ ਅਗਵਾਈ ਬਗੈਰ ਪੰਥ ਅਧਰਮ ਨਾਲ ਨਹੀਂ ਲੜ ਸਕਦਾ, ਗੁਰੂ ਜੀ ਵਲੋਂ ਦਿੱਤੀ



Digitized by Panjab Digital Library | www.panjabdigilib.org

ਜ਼ੁੰਮੇਵਾਰੀ ਨਹੀਂ ਨਿਭਾ ਸਕਦਾ।

ਖਾਲਸਾ ਪੰਥ ਵਿਚ ਕਥਿਤ ਨੀਵੀਆਂ ਜਾਤਾਂ (ਚੂੜ੍ਹੇ, ਚੁਮਾਰ, ਨਾਈ, ਛੀਂਬੇ ਆਦਿ) ਵਾਲੇ ਰਲਾ ਕੇ ਆਪ ਜੀ ਨੇ ਨਵੇਂ ਸਮਾਜਵਾਦ ਦੀ ਨੀਂਹ ਰੱਖੀ। ਪੰਥ ਵਿਚ ਉਹ ਸਭ ਮਿਲਾਏ ਜਿਹੜੇ ਸਦੀਆਂ ਤੋਂ ਲਿਤਾੜੇ ਹੋਏ, ਦਬਾਏ ਹੋਏ, ਗੁਲਾਮ ਬਣਾਏ ਹੋਏ, ਤੇ ਦੀਨੇ-ਕ੍ਰਿਦਰ-ਦੁੱਖੀ ਲੋਕ ਸਨ। ਇਨ੍ਹਾਂ ਨੂੰ ਗੁਰੂ ਜੀ ਨੇ ਸਵੈ-ਮਾਨ ਨਾਲ ਜੀਊਣਾ, ਧੀ-ਭੈਣ ਦੀ ਰੱਖਿਆ ਕਰਨੀ ਤੇ ਸਮਾਜ ਉਪਰ ਹੁੰਦੇ ਜ਼ੁਲਮ ਨੂੰ ਮਿਟਾਣ ਦਾ ਰਾਹ ਦਸਿਆ। ਗੁਰੂ ਜੀ ਨੇ ਇਨ੍ਹਾਂ ਦੇ ਹੱਥ ਕਿਰਪਾਨ ਫੜਾ ਦਿਤੀ। ਕਿਰਪਾਨ ਦੀ ਕਿਰਪਾ ਦੁਆਰਾ ਇਹ ਗਰੀਬ ਆਪਣੀ ਆਨ-ਆਬਰੂ ਸੰਭਾਲ ਸਕੇ। ਇਸੇ ਲਈ ਗੁਰੂ ਜੀ ਨੇ ਤਲਵਾਰ ਨੂੰ ਕਿਰਪਾਨ ਕਿਹਾ—ਕਿਰਪਾਨ= ਕਿਰਪਾ+ਆਨ, ਜਿਸ ਦੀ ਕਿਰਪਾ ਰਾਹੀਂ ਆਨ ਬਚਾਈ ਜਾ ਸਕੇ। ਗੁਰੂ ਜੀ ਨੇ ਇਨ੍ਹਾਂ ਲਿਤਾੜਿਆ ਹੋਇਆਂ ਨੂੰ ਆਪਣੇ ਪੈਰਾਂ ਤੇ ਖੜਾ ਕੀਤਾ, ਆਪਣੇ ਗਲੇ ਲਾਇਆ ਸਰਦਾਰੀ ਬਖਸ਼ੀ ਤੇ ਰਾਜਿਆ ਵਾਂਗ ਆਨ-ਬਾਨ-ਸ਼ਾਨ ਨਾਲ ਰਹਿਣਾ ਸਿਖਾਇਆ।

ਕੋਈ ਹੈਰਾਨੀ ਨਹੀਂ ਕਿ ਇਸ ਖਾਲਸੇ ਨੂੰ ਜਿਹੜਾ ਅਧਰਮ ਦੇ ਵਿਰੁੱਧ ਲੜਣ ਲਈ ਇਕ ਪੱਕਾ ਤੇ ਸਦੀਵੀ ਇੰਤਜ਼ਾਮ ਸੀ, ਆਪ ਜੀ ਨੇ ਐਨੀ ਵਡਿਆਈ ਦਿਤੀ। ਆਪ ਜੀ ਨੇ ਕਿਹਾ ਕਿ ਸੇਵਾ ਖਾਲਸੇ ਦੀ ਹੀ ਚੰਗੀ ਹੈ, ਦਾਨ ਖਾਲਸੇ ਨੂੰ ਹੀ ਭਲਾ ਹੈ, ਦੇਣਾ ਖਾਲਸੇ ਨੂੰ ਹੀ ਫਲਦਾ ਹੈ। ਆਪ ਜੀ ਨੇ ਇਥੋਂ ਤੱਕ ਕਿਹਾ ਕਿ ਮੇਰਾ ਤਨ-ਮਨ-ਧਨ ਤੇ ਮੇਰੀ ਜਾਨ ਸਭ ਖਾਲਸੇ ਦੀ ਹੈ। ਇਕ ਸਵੀਯੇ ਵਿਚ ਆਪ ਜੀ ਨੇ ਲਿਖਿਆ—

—ਸੇਵ ਕਰੀ ਇਨਹੀ ਕੀ ਭਾਵਤ,
ਅਉਰ ਕੀ ਸੇਵ ਸੁਹਾਤ ਨ ਜੀ ਕੋ।
ਦਾਨ ਦਯੋ ਇਨਹੀ ਕੋ ਭਲੋ,
ਅਰੁ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲੈ ਇਨਹੀ ਕੋ ਦਯੋ,
ਜਗ ਮੈ ਜਸੁ, ਅਉਰ ਦਯੋ ਸਬ ਫੀਕੋ।
ਮੋ ਗ੍ਰਿਹ ਮੈ ਤਨ ਤੇ ਮਨ ਤੇ,
ਸਿਰ ਲਉ ਧਨ ਹੈ ਸਭ ਹੀ ਇਨਹੀ ਕੋ। ੬੪੫।

(ਦਸਮ ਗਰੰਥ, ਪਨਾ ੭੧੬)



Digitized by Panjab Digital Library | www.panjabdigilib.org

ਗੁਰੂ ਜੀ ਖਾਲਸੇ ਪ੍ਰਤੀ ਆਪਣਾ ਜ਼ਾਤੀ ਰਿਣ ਵੀ ਦਰਸਾਂਦੇ ਹਨ। ਆਪ ਜੀ ਕਹਿੰਦੇ ਹਨ ਕਿ ਮੈਂ ਸਾਰੀਆਂ ਜੰਗਾਂ ਖਾਲਸੇ ਦੇ ਰਾਹੀਂ ਹੀ ਜਿਤੀਆਂ ਹਨ, ਚੰਗਾ ਦਾਨ ਇਨ੍ਹਾਂ ਕਰਕੇ ਹੀ ਦੇ ਸਕਿਆ ਹਾਂ, ਇਨ੍ਹਾਂ ਕਰਕੇ ਹੀ ਸਾਰੇ ਦੁਖ ਟਲੇ ਹਨ ਤੇ ਮੇਰਾ ਘਰ ਭਰ ਗਿਆ ਹੈ, ਇਨ੍ਹਾਂ ਕਰਕੇ ਹੀ ਸਾਰੀ ਵਿਦਿਆ ਪ੍ਰਾਪਤ ਹੋਈ ਹੈ ਤੇ ਸਾਰੇ ਦੁਸ਼ਟ ਮਰੇ ਹਨ। ਆਪ ਜੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਮੇਰੀ ਸ਼ਾਨੋ-ਸ਼ੌਕਤ ਖਾਲਸੇ ਦੇ ਪ੍ਰਸਾਦ ਕਰਕੇ ਹੀ ਹੈ ਨਹੀਂ ਤਾਂ ਮੇਰੇ ਵਰਗੇ ਕਈ ਕਰੋੜ ਗਰੀਬ ਧਕੇ ਖਾਂਦੇ ਫਿਰਦੇ ਹਨ। ਆਪ ਜੀ ਲਿਖਦੇ ਹਨ—

—ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ,
ਇਨਹੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ,
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀਂ ਮੋ ਸੇ ਗਰੀਬ ਕਰੋਰ ਪਰੇ। ੬੪੫।

(ਦਸਮ ਗਰੰਥ, ਪੰਨਾ ੭੧੬)

ਦੋ ਜਹਾਨ ਦੇ ਵਾਲੀ, ਸਾਰੀ ਬਖਸ਼ੱਸ਼ਾਂ ਦੇ ਦਾਤੇ ਇੱਦਾਂ ਕਿਉਂ ਲਿਖਦੇ ਹਨ? ਕਿਉਂ ਖਾਲਸੇ ਨੂੰ ਐਨਾ ਮਾਨ ਦੇਂਦੇ ਹਨ? ਇਸ ਦਾ ਮੁਖ ਕਾਰਣ ਜਾਪਦਾ ਹੈ ਉਹ ਜੁਮੇਂਵਾਰੀ ਜਿਹੜੀ ਆਪ ਜੀ ਨੇ ਖਾਲਸੇ ਨੂੰ ਸੌਂਪੀ ਸੀ—ਅਧਰਮ ਦੀਆਂ ਜੜ੍ਹਾਂ ਪੁਟਣੀਆਂ। ਜੇ ਸੰਸਾਰ ਇਨ੍ਹਾਂ ਸੰਤ-ਸਿਪਾਹੀਆਂ ਦੀ ਸੇਵਾ ਨਹੀਂ ਕਰੇਗਾ, ਇਨ੍ਹਾਂ ਨੂੰ ਸਹਾਇਤਾ ਨਹੀਂ ਦੇਏਗਾ, ਇਨ੍ਹਾਂ ਦੀ ਆਰਥਕ ਸਹਾਇਤਾ ਨਹੀਂ ਕਰੇਗਾ, ਇਨ੍ਹਾਂ ਨੂੰ ਮਾਨ ਨਹੀਂ ਦੇਏਗਾ, ਤਾਂ ਇਹ ਸਿਪਾਹੀ ਕਿੰਨੀ ਦੇਰ ਲੜ ਸਕਣਗੇ। ਫੌਜੀ ਨੂੰ ਗੈਰ ਫੌਜੀ ਦੇ ਸਹਿਯੋਗ ਦੀ ਹਮੇਸ਼ਾਂ ਲੋੜ ਰਹਿੰਦੀ ਹੈ। ਫੌਜੀ ਦੀ ਮਦਦ ਬਿਨਾਂ ਗੈਰ-ਫੌਜੀ ਸੁਰੱਖਿਅਤ ਨਹੀਂ ਤੇ ਗੈਰ-ਫੌਜੀ ਦੀ ਮਦਦ ਬਿਨਾ ਫੌਜੀ ਆਪਣਾ ਧਰਮ



Digitized by Panjab Digital Library | www.panjabdigilib.org

ਬਚਾਣ ਦਾ ਕਾਰਜ ਨਹੀਂ ਕਰ ਸਕਦਾ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਇਸੇ ਲਈ ਗੁਰੂ ਜੀ ਗੈਰ ਫੌਜੀਆਂ ਨੂੰ ਖਾਲਸੇ ਨੂੰ ਸਹਿਯੋਗ ਦੇਣ ਲਈ ਕਹਿ ਰਹੇ ਹਨ। ਪੰਥ ਦੇ ਫੁਲਣ-ਫੁਲਣ ਲਈ ਜੰਤਾ ਵਲੋਂ ਤਨ-ਮਨ-ਧਨ ਰਾਹੀਂ ਪੂਰੇ ਸਹਿਯੋਗ ਦੀ ਲੋੜ ਹੈ ਤੇ ਗੁਰੂ ਜੀ ਸਾਰੇ ਸੰਸਾਰ ਪ੍ਰਤੀ ਇਹ ਸਿਖਿਆ ਦੇਂਦੇ ਹਨ ਕਿ ਜਿੰਨੀ ਦੇਰ ਖਾਲਸਾ ਪੰਥ ਹੈ ਤੇ ਉਨ੍ਹਾਂ ਵਿਚ ਗੁਰੂ ਉਪਦੇਸ ਦ੍ਰਿੜ੍ਹ ਹੈ, ਅਧਰਮ ਵਿਰੁਧ ਖਾਲਸੇ ਦੀ ਆਵਾਜ਼ ਉਠਦੀ ਰਹੇਗੀ, ਮੋਰਚੇ ਲਗਦੇ ਰਹਿਣਗੇ ਤੇ ਖਾਲਸਾ ਸ਼ਹੀਦੀਆਂ ਪ੍ਰਾਪਤ ਕਰਦਾ ਰਹੇਗਾ। ਖਾਲਸਾ ਆਪਣੇ ਗੁਰੂ ਦੇ ਉਪਦੇਸ਼ "ਧਰਮ ਬਚਾਣ ਤੇ ਅਧਰਮ ਨੂੰ ਜੜੋਂ ਪੁਟਣ" ਨੂੰ ਆਪਣੇ ਖ਼ੂਨ ਨਾਲ ਸਿੰਜਦਾ ਰਹੇਗਾ। ਵਾਹਿਗੁਰੂ ਨੇ ਇਹ ਜ਼ੁਮੇਵਾਰੀ ਗੁਰੂ ਜੀ ਨੂੰ ਦਿੱਤੀ ਸੀ ਤੇ ਗੁਰੂ ਜੀ ਨੇ ਅੰਤ ਸਮੇਂ ਇਹ ਖਾਲਸੇ ਨੂੰ ਸੌਂਪ ਦਿੱਤੀ ਹੈ। ਸਿੰਘ ਗੁਰੂ ਜੀ ਦੇ ਦਰਸਾਏ ਟੀਚੇ ਤੋਂ ਪਿਛਾਂ ਨਹੀਂ ਹਟਣਗੇ— ਨਹੀਂ ਹਟ ਸਕਦੇ।

ਇਸ ਜਜ਼ਬੇ ਨੂੰ ਅਧਰਮੀਆਂ ਨੇ ਅਜ਼ਮਾ ਕੇ ਦੇਖ ਲਿਆ। ਜੂਨ ੧੭੪੬ ਦੇ ਘਲੂਘਾਰੇ ਵਿਚ ਯਾਹੀਆਖਾਨ ਦੀਆਂ ਫੌਜਾਂ ਨੇ ੧੦,੦੦੦ ਦੇ ਕਰੀਬ ਸਿੰਘ ਸ਼ਹੀਦ ਕੀਤੇ। ਕਈਆਂ ਦਾ ਅਨੁਮਾਨ ਹੈ ਕਿ ਇਨ੍ਹਾਂ ਸ਼ਹੀਦਾਂ ਦੀ ਗਿਣਤੀ ੪੦,੦੦੦ ਦੇ ਕਰੀਬ ਸੀ। ਫਰਵਰੀ ੧੭੬੨ ਵਿਚ ਵੱਡਾ ਘਲੂਘਾਰਾ ਹੋਇਆ ਜਿਸ ਵਿਚ ਅਹਿਮਦ ਸ਼ਾਹ ਅਬਦਾਲੀ ਦੀਆਂ ਫੌਜਾਂ ਹਥੋਂ ੩੦,੦੦੦ ਸਿੰਘ ਸ਼ਹੀਦ ਹੋਏ। ਇਕ ਅੰਦਾਜ਼ੇ ਮੁਤਾਬਕ ਸ਼ਹੀਦਾਂ ਦੀ ਗਿਣਤੀ ਇਕ ਲੱਖ ਸੀ, "ਲੋਕ ਕਹੈ ਸਿੰਘ ਇਕ ਲਖ ਸਾਰਾ। ਪਚਾਸ ਬਚਯੋ ਔਰ ਸਭ ਗਯੋ ਮਾਰਾ।" ਖਾਲਸੇ ਦੇ ਇਸ ਜਜ਼ਬੇ ਨੂੰ ਅੰਗਰੇਜ਼ਾਂ ਨੇ ਭੀ ਅਜ਼ਮਾਇਆ। ਅਪ੍ਰੈਲ ੧੯੧੩ ਦੇ ਜਲ੍ਹਿਆਂਵਾਲੇ ਗੋਲੀ ਕਾਂਡ ਵਿਚ ੧੩੦੦ ਭਾਰਤੀ ਸ਼ਹੀਦ ਹੋਏ ਜਿਨਾਂ ਵਿਚ ਸਿੰਘ ਸ਼ਹੀਦਾਂ ਦੀ ਗਿਣਤੀ ੮੦੦ ਸੀ। ਦੇਸ਼ ਦੀ ਅਜ਼ਾਦੀ ਲਈ ੧੯੧ ਲੋਕਾਂ ਨੂੰ ਅੰਗਰੇਜ਼ਾਂ ਨੇ ਫਾਂਸੀ ਲਾਇਆ, ਇਨ੍ਹਾਂ ਵਿਚੋਂ ੯੩ ਸਿੰਘ ਸਨ। ਭਾਵੇਂ ਸਿੱਖਾਂ ਦੀ ਆਬਾਦੀ ਦੇਸ਼ ਦੀ ਆਬਾਦੀ ਦਾ ਉਦੋਂ ਇਕ ਪ੍ਰਤੀਸ਼ਤ ਸੀ ਪਰ ਫਾਂਸੀ ਲਗਣ ਵਾਲਿਆਂ ਦੀ ਦਰ ੪੯ ਪ੍ਰਤੀਸ਼ਤ ਸੀ। ਇਦਾਂ ਹੀ ਉਮਰ ਕੈਦੀਆਂ ਤੇ ਕਾਲੇ ਪਾਣੀ ਭੇਜੇ ਕੈਦੀਆਂ ਦੀ ਗਿਣਤੀ ੨੬੦੦ ਸੀ ਤੇ ਉਨ੍ਹਾਂ ਵਿਚੋਂ ਸਿੰਘਾਂ ਦੀ ਗਿਣਤੀ ੨੪੦੦ (੯੩ ਪ੍ਰਤੀਸ਼ਤ) ਸੀ। ਮਲੇਰਕੋਟਲਾ ਦੇ ਗਊ-ਰੱਖਿਆ ਅੰਦੋਲਨ ਵਿਚ ੧੦੬ ਆਦਮੀ ਤੋਪਾਂ ਨਾਲ ਬੰਨ੍ਹ ਕੇ ਉਡਾ ਦਿੱਤੇ ਗਏ। ਤੇ ਇਹ



Digitized by Panjab Digital Library | www.panjabdigilib.org

ਸਾਰੇ ਮਰਜੀਵੜੇ ਸਿੰਘ ਹੀ ਸਨ । ਅਜ਼ਾਦ ਭਾਰਤ ਵਿਚ ਜਦੋਂ ਸਰਕਾਰ ਨੇ ਐਮਰ-ਜੈਂਸੀ ਲਾ ਦਿੱਤੀ ਤਾਂ ਇਕੱਲਾ ਖਾਲਸਾ ਹੀ ਸੀ ਜਿਹੜਾ ਇਸ ਦੇ ਵਿਰੁਧ ਮੋਰਚੇ ਲਾਂਦਾ ਰਿਹਾ ।

ਗੁਰੂ ਜੀ ਦੀ ਦੇਣ ਨੂੰ ਬੁਲ੍ਹੇ ਸ਼ਾਹ ਨੇ ਆਪਣੇ ਸਾਦੇ ਅੰਦਾਜ਼ ਵਿਚ ਬੜਾ ਸੋਹਣਾ ਬਿਆਨ ਕੀਤਾ ਹੈ । ਆਪ ਜੀ ਕਹਿੰਦੇ ਹਨ ਕਿ ਜੇ ਗੁਰੂ ਗੋਬਿੰਦ ਸਿੰਘ ਜੀ ਨਾ ਹੁੰਦੇ ਤਾਂ ਅਜ ਕੋਈ ਹਿੰਦੂ ਵੀ ਨਾ ਹੁੰਦਾ । ਆਪ ਜੀ ਦੇ ਸ਼ਬਦਾਂ ਵਿਚ—

—ਨਾ ਕਹੂ ਜਬ ਕੀ, ਨਾ ਕਹੂ ਤਬ ਕੀ,
ਮੈਂ ਕਹੂ ਅਬ ਕੀ ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ,
ਤੋ ਸੁੱਨਤ ਹੋਤੀ ਸਭ ਕੀ ।

ਕਾਸ਼, ਅਜ ਦਾ ਹਿੰਦੂ ਸਮਾਜ ਇਸ ਸਚਾਈ ਨੂੰ ਸਮਝੇ ਤੇ ਨਾ ਸਿਰਫ ਗੁਰੂ ਜੀ ਦੀ ਯਾਦ ਨੂੰ ਪੂਰਾ ਸਨਮਾਨ ਦੇਵੇ ਬਲਕਿ ਧਰਮ ਦੀ ਜੰਗ ਵਿਚ ਖਾਲਸੇ ਨੂੰ ਪੂਰਾ ਪੂਰਾ ਸਹਿਯੋਗ ਦੇਵੇ ਤਾਂਕਿ ਇਹ ਪੰਥ ਗੁਰੂ ਵਲੋਂ ਲਾਈ ਜ਼ੁਮੇਂਵਾਰੀ ਨੂੰ ਸਫਲਤਾ-ਪੂਰਵਕ ਨਿਭਾ ਸਕੇ, ਸੰਸਾਰ ਵਿਚ ਧਰਮ, ਸ਼ਾਂਤੀ ਤੇ ਸਦਭਾਵਨਾ ਸਥਾਪਤ ਕਰ ਸਕੇ ।

ਮੈਂ ਖਾਲਸੇ ਪ੍ਰਤੀ ਵੀ ਬੇਨਤੀ ਕਰਾਂਗਾ ਕਿ ਉਹ ਵਿਚਾਰਨ ਕਿ ਪੰਥ ਕਿਧਰ ਜਾ ਰਿਹਾ ਹੈ । ਪਹਿਲੇ ਲੋਕ ਸਹਿਜਧਾਰੀ ਤੋਂ ਕੇਸਾਧਾਰੀ ਤੇ ਫਿਰ ਕੇਸਾਧਾਰੀ ਤੋਂ ਅੰਮ੍ਰਿਤਧਾਰੀ ਬਣਦੇ ਸਨ । ਅਜ ਹਾਲਤ ਉਲਟੀ ਹੁੰਦੀ ਜਾਂਦੀ ਹੈ । ਅਸੀਂ ਜਾਂ ਤਾਂ ਅਮ੍ਰਿਤ ਛਕਦੇ ਨਹੀਂ ਤੇ ਜੇ ਛੱਕ ਲਈਏ ਤਾਂ ਅਮ੍ਰਿਤ ਛਕਣ ਵੇਲੇ ਦਿਤੇ ਪ੍ਰਣ ਨੂੰ ਸੰਭਾਲਦੇ ਨਹੀਂ । ਕੇਸ ਤੇ ਬਾਕੀ ਕਕਾਰ ਤਾਂ ਸ਼ਾਇਦ ਪੂਰੇ ਜਾਂ ਅਧੂਰੇ ਰਖ ਲਏ ਹਨ ਪਰ ਕਿਰਪਾਨ ਵਾਲੇ ਕਕਾਰ ਤੋਂ ਲਾਪਰਵਾਹ ਹੁੰਦੇ ਜਾਂਦੇ ਹਾਂ । ਕਿਰਪਾਨ ਸ਼ਕਤੀ ਦੀ ਪ੍ਰਤੀਕ ਹੈ ਤੇ ਕਿਰਪਾਨ ਤੋਂ ਸਖਣਾ ਸਿੰਘ ਸ਼ਕਤੀਸ਼ਾਲੀ ਨਹੀਂ ਹੋ ਸਕਦਾ । ਕਿਰਪਾਨ ਦਾ ਧਾਰਣੀ ਹੋਣਾ ਇਕ ਸਿੰਘ ਦੇ ਵੇਸ ਦਾ ਜਰੂਰੀ ਤੇ ਅਟੁਟਵਾਂ ਅੰਗ ਹੈ । ਜੇ ਕਿਰਪਾਨ ਨਹੀਂ ਤਾਂ ਸ਼ਕਤੀ ਨਹੀਂ ਤੇ ਜੇ ਸ਼ਕਤੀ ਨਹੀਂ ਤਾਂ ਧਰਮ ਯੁਧ ਕਿੱਦਾਂ ਹੋਏਗਾ, ਅਧਰਮ ਕਿੱਦਾਂ ਮਿਟੇਗਾ, ਗੁਰੂ ਜੀ ਵਲੋਂ ਸਾਨੂੰ ਸੌਂਪੀ ਜ਼ੁਮੇਂਵਾਰੀ ਕਿੱਦਾਂ



Digitized by Panjab Digital Library | www.panjabdigilib.org

ਨਿਭੇਗੀ। ਪਰ ਦੁਰਭਾਗਵਸ ਇਸ ਪਾਸੇ ਵਿਚਾਰਨਾ ਤਾਂ ਦੂਰ ਰਿਹਾ, ਅਸੀਂ ਇਕ ਪੌੜੀ ਹੋਰ ਥਲੇ ਉਤਰ ਗਏ ਹਾਂ। ਅੰਮ੍ਰਿਤਧਾਰੀ ਤੋਂ ਕੇਸਾਧਾਰੀ ਰਹਿ ਗਏ ਸਾਂ, ਹੁਣ ਕੇਸਾਧਾਰੀ ਤੋਂ ਸਹਿਜਧਾਰੀ ਹੁੰਦੇ ਜਾਂਦੇ ਹਾਂ। ਕੀ ਅਸੀਂ ਸ਼ਸਤਰ-ਹੀਨ, ਸ਼ਕਤੀ ਹੀਨ ਤੇ ਸਵੈਮਾਨ-ਹੀਨ ਨਹੀਂ ਹੁੰਦੇ ਜਾਂਦੇ? ਆਉ ਖਾਲਸੇ ਦੇ ੩੦੦ ਸਾਲਵੇਂ ਜਨਮ ਦਿਨ, ੧੯੯੯ ਦੀ ਵਿਸਾਖੀ, ਤਕ ਅਸੀਂ ਸਾਰੇ ਅੰਮ੍ਰਿਤ ਛਕ ਕੇ ਸਚੇ ਅਰਥਾਂ ਵਿਚ ਗੁਰੂ ਵਾਲੇ ਬਣੀਏ ਤੇ ਗੁਰੂ ਵਲੋਂ ਸੌਂਪੀ ਜ਼ਿਮੇਂਵਾਰੀ ਤੇ ਪਹਿਰਾ ਦੇਈਏ।

○ ○ ○



Digitized by Panjab Digital Library | www.panjabdigilib.org

ਅੰਤਕਾ ਨੰ: ੧

# ਬਾਬਾ ਜੁਝਾਰ ਸਿੰਘ ਦੀ ਸ਼ਹਾਦਤ

ਜੁਧ ਭਯੋ ਇਹ ਭਾਂਤਿ ਅਪਾਰਾ ॥
ਤੁਰਕਨ ਕੇ ਮਾਰਿਓ ਸਿਰਦਾਰਾ ॥
ਰਿਸ ਤਨ ਖਾਨ ਦਿਲਾਵਰ ਤਏ ॥
ਇਤੈ ਸਊਰ ਪਠਾਵਤ ਭਏ ॥ ੧ ॥
ਉਤੇ ਪਠਿਓ ਉਨ ਸਿੰਘ ਜੁਝਾਰਾ ॥
ਤਿੱਹ ਭਲਾਨ ਤੇ ਖੇਦ ਨਿਕਾਰਾ ॥
ਇਤਿ ਗਜ ਸਿੰਘ ਪੰਮਾ ਦਲ ਜੋਰਾ ॥
ਧਾਇ ਪਰੇ ਇਨ ਊਪਰ ਭੋਰਾ ॥੨॥
ਉਤੈ ਜੁਝਾਰ ਸਿੰਘ ਭਯੋ ਆਡਾ ॥
ਜਿਮ ਰਨ ਖੰਭ ਭੂਮਿ ਰਨਿ ਗਾਡਾ ॥
ਗਾਡਾ ਚਲੇ ਨ ਹਾਡਾ ਚਲਿ ਹੈ ॥
ਸਾਮੁਹਿ ਸੇਲ ਸਮਰ ਮੋ ਝਲਿ ਹੈ ॥੩॥
ਬਾਟ ਚੜ੍ਹੈ ਦਲ ਦੋਊ ਜੁਝਾਰਾ ॥
ਉਤੈ ਚੰਦੇਲ ਇਤੈ ਜਸਵਾਰਾ ॥
ਮਾਂਡਿਓ ਬੀਰ ਖੇਤ ਮੋ ਜੁੱਧਾ ॥
ਉਪਜਿਉ ਸਮਰਸੂਰ ਮਨ ਕ੍ਰੱਧਾ ॥੪॥
ਕੋਪ ਭਰੇ ਦੋਊ ਦਿਸ ਭਟ ਭਾਰੇ ॥
ਇਤੈ ਚੰਦੇਲ ਉਤੇ ਜਸਵਾਰੇ ॥
ਢੋਲ ਨਗਾਰੇ ਬਜੇ ਅਪਾਰਾ ॥
ਭੀਮ ਰੂਪ ਭੈਰੋ ਭਭਕਾਰਾ ॥੫॥



Digitized by Panjab Digital Library | www.panjabdigilib.org

ਰਸਾਵਲ ਛੰਦ ॥

ਧੁਣੰ ਢੋਲ ਬੱਜੇ ॥ ਮਹਾਂ ਸੂਰ ਗੱਜੇ ॥
ਕਰੇ ਸਸਤ੍ਰ ਘਾਵੰ ॥ ਚੜ੍ਹੇ ਚਿੱਤ ਚਾਵੰ ॥੬॥
ਨ੍ਰਿਭੈ ਬਾਜ ਡਾਰੇ ॥ ਪਰੱਘੈ ਪ੍ਰਹਾਰੇ ॥
ਕਰੇ ਤੇਗ ਘਾਯੰ ॥ ਚੜ੍ਹੇ ਚਿੱਤ ਚਾਯੰ ॥੭॥
ਬਕੈ ਮਾਰ ਮਾਰੰ ॥ ਨ ਸੰਕਾ ਬਿਚਾਰੰ ॥
ਰੁਲੈ ਤੱਛ ਮੁਛੰ ॥ ਕਰੈ ਸੁਰਗ ਇੱਛੰ ॥੮॥

ਦੋਹਰਾ ॥

ਨੈਕ ਨ ਰਨ ਤੇ ਮੁਰਿ ਚਲੈਂ
ਕਰੈ ਨਿਡਰ ਹ੍ਵੈ ਘਾਇ ॥
ਗਿਰ ਗਿਰ ਪਰੇ ਪਵੰਗ ਤੇ
ਬਰੇਂ ਬਰੰਗਣ ਜਾਇ ॥੯॥

ਚੌਪਈ ॥

ਇਹ ਬਿਧਿ ਹੋਤ ਭਯੋ ਸੰਗ੍ਰਾਮਾ ॥
ਜੂਝੈ ਚੰਦ ਨਰਾਇਨ ਨਾਮਾ ॥
ਤਬ ਜੁਝਾਰ ਏਕਲ ਹੀ ਧਯੋ ॥
ਬੀਰਨ ਘੇਰ ਦਸੋ ਦਿਸ ਲਯੋ ॥੧੦॥

ਦੋਹਰਾ ॥

ਧਸਿਯੋ ਕਟਕ ਮੈ ਝਟਕ ਦੇ
ਕਛੂ ਨ ਸੰਕ ਬਿਚਾਰ ॥
ਗਾਹਤ ਭਯੋ ਸੁਭਟਨ ਬਡੇ
ਬਾਹਿਤ ਭਯੋ ਹਥਿਆਰ ॥੧੧॥

ਚੌਪਈ ॥

ਇਹ ਬਿਧਿ ਘਣੇ ਘਰਨ ਕੋ ਗਾਰਾ ॥
ਭਾਂਤਿ ਭਾਂਤਿ ਕੇ ਕਰਿ ਹਥਿਆਰਾ ॥
ਚੁਨਿ ਚੁਨਿ ਬੀਰ ਪਖਰੀਆ ਮਾਰੇ ॥
ਅੰਤਿ ਦੇਵ ਪੁਰ ਆਪ ਪਧਾਰੇ ॥੧੨॥

(ਦਸਮ ਗ੍ਰੰਥ, ਪੰਨਾ ੭੦)



Digitized by Panjab Digital Library | www.panjabdigilib.org

ਅੰਤਕਾ ਨੰ: ੨

# ਬੇਮੁਖਾਂ ਦੀ ਕਹਾਣੀ

# ਗੁਰੂ ਗੋਬਿੰਦ ਸਿੰਘ ਦੀ ਜ਼ਬਾਨੀ

ਚੌਪਈ ॥

ਇਹ ਬਿਧਿ ਸੋ ਬਧ ਭਯੋ ਜੁਝਾਰਾ ॥
ਆਨ ਬਸੇ ਤਬ ਧਾਮ ਲੁਝਾਰਾ ॥
ਤਬ ਅਉਰੰਗ ਮਨ ਮਾਹਿ ਰਿਸਾਵਾ ॥
ਮੱਦ੍ਰ ਦੇਸ ਕੋ ਪੂਤ ਪਠਾਵਾ ॥੧॥

ਤਿੱਹ ਆਵਤ ਸਭ ਲੋਕ ਡਰਾਨੇ ॥
ਬਡੇ ਬਡੇ ਗਿਰ ਹੇਰ ਲੁਕਾਨੇ ॥
ਹਮਹੂ ਲੋਗਨ ਅਧਿਕ ਡਰਾਯੋ ॥
ਕਾਲ ਕਰਮ ਕੋ ਮਰਮ ਨ ਪਾਯੋ ॥੪॥

ਕਿਤਕ ਲੋਕ ਤਜਿ ਸੰਗਿ ਸਿਧਾਰੇ ॥
ਜਾਇ ਬਸੇ ਗਿਰਵਰ ਜਹਿੰ ਭਾਰੇ ॥
ਚਿਤ ਮੂਜੀਯਨ ਕੋ ਅਧਿਕ ਡਰਾਨਾ ॥
ਤਿਨੈ ਉਬਾਰ ਨ ਅਪਨਾ ਜਾਨਾ ॥੩॥

ਤਬ ਅਉਰੰਗ ਜੀਅ ਮਾਂਝ ਰਿਸਾਏ ॥
ਏਕ ਅਹਦੀਆ ਈਹਾਂ ਪਠਾਏ ॥
ਹਮ ਤੇ ਭਾਜਿ ਬਿਮੁਖ ਜੇ ਗਏ ॥
ਤਿਨ ਕੇ ਧਾਮ ਗਿਰਾਵਤ ਭਏ ॥੪॥



Digitized by Panjab Digital Library | www.panjabdigilib.org

ਜੋ ਅਪਨੇ ਗੁਰ ਤੇ ਮੁਖ ਫਿਰਹੈਂ ॥
ਈਹਾਂ ਊਹਾਂ ਤਿਨ ਕੇ ਗ੍ਰਿਹਿ ਗਿਰਿਹੈਂ ॥
ਇਹਾਂ ਉਪਹਾਸ ਨ ਸੁਰ ਪੁਰ ਬਾਸਾ ॥
ਸਭ ਬਾਤਨ ਤੇ ਰਹੈ ਨਿਰਾਸਾ ॥੫॥

ਦੂਖ ਭੂਖ ਤਿਨ ਕੋ ਰਹੈ ਲਾਗੀ ॥
ਸੰਤ ਸੇਵ ਤੇ ਜੋ ਹੈ ਤਿਆਗੀ ॥
ਜਗਤ ਬਿਖੈ ਕੋਈ ਕਾਮ ਨ ਸਰਹੀਂ ॥
ਅੰਤਹਿ ਕੁੰਡ ਨਰਕ ਕੀ ਪਰਹੀਂ ॥੬॥

ਤਿਨ ਕੋ ਸਦਾ ਜਗਤ ਉਪਹਾਸਾ ॥
ਅੰਤਹਿ ਕੁੰਡ ਨਰਕ ਕੀ ਬਾਸਾ ॥
ਗੁਰ ਪਗ ਤੇ ਜੇ ਬੇਮੁਖ ਸਿਧਾਰੇ ॥
ਈਹਾਂ ਊਹਾਂ ਤਿਨ ਕੇ ਮੁਖ ਕਾਰੇ ॥੭॥

ਪੁਤ੍ਰ ਪਉਤ੍ਰ ਤਿਨ ਕੇ ਨਹੀਂ ਫਰੈਂ ॥
ਦੁਖ ਦੈ ਮਾਤ ਪਿਤਾ ਕੋ ਮਰੈਂ ॥
ਗੁਰ ਦੋਖੀ ਸਗ ਕੀ ਮ੍ਰਿਤ ਪਾਵੈ ॥
ਨਰਕ ਕੁੰਡ ਡਾਰੇ ਪਛੁਤਾਵੈ ॥੮॥

ਬਾਬੇ ਕੇ ਬਾਬਰ ਕੇ ਦੋਊ ॥
ਆਪ ਕਰੇ ਪਰਮੇਸਰ ਸੋਊ ॥
ਦੀਨ ਸਾਹ ਇਨ ਕੋ ਪਹਿਚਾਨੋ ॥
ਦੁਨੀ ਪੱਤਿ ਉਨ ਕੋ ਅਨੁਮਾਨੋ ॥੯॥

ਜੋ ਬਾਬੇ ਕੇ ਦਾਮ ਨ ਦੈਹੈਂ ॥
ਤਿਨ ਤੇ ਗਹਿ ਬਾਬਰ ਕੇ ਲੈਹੈਂ ॥
ਦੈ ਦੈ ਤਿਨ ਤੋ ਬਡੀ ਸਜਾਇ ॥
ਪੁਨਿ ਲੈਹੈਂ ਗ੍ਰਿਹਿ ਲੂਟ ਬਨਾਇ ॥੧੦॥

ਜ਼ਬ ਹ੍ਵੈਹੈਂ ਬੇਮੁਖ ਬਿਨਾ ਧਨ ॥
ਤਬ ਚੜਿਹੈਂ ਸਿਖਨ ਕਹ ਮਾਂਗਨ ॥



Digitized by Panjab Digital Library | www.panjabdigilib.org

ਜੇ ਜੇ ਸਿਖ ਤਿਨੈ ਧਨ ਦੇਹੈਂ ॥
ਲੂਟ ਮਲੇਛ ਤਿਨੂ ਕੌ ਲੈਹੈਂ ॥੧੧॥
ਜਬ ਹੁਇ ਹੈ ਤਿਨ ਦਰਬ ਬਿਨਾਸਾ ॥
ਤਬ ਧਰਿਹੈ ਨਿਜ ਗੁਰ ਕੀ ਆਸਾ ॥
ਜਬ ਤੇ ਗੁਰ ਦਰਸਨ ਕੋ ਐਹੈਂ ॥
ਤਬ ਤਿਨ ਕੋ ਗੁਰ ਮੁਖ ਨ ਲਗੈਹੈਂ ॥੧੨॥

ਬਿਦਾ ਬਿਨਾ ਜੈਹੈਂ ਤਬ ਧਾਮੰ ॥
ਸਰਿਹੈ ਕੋਈ ਨ ਤਿਨ ਕੋ ਕਾਮੰ ॥
ਗੁਰ ਦਰ ਢੋਈ ਨ ਪ੍ਰਭ ਪੁਰ ਵਾਸਾ ॥
ਦੁਹੂੰ ਠਉਰ ਤੇ ਰਹੇ ਨਿਰਾਸਾ ॥੧੩॥

ਜੇ ਜੇ ਗੁਰ ਚਰਨਨ ਰਤ ਹ੍ਵੈਹੈਂ ॥
ਤਿਨ ਕੋ ਕਸਟ ਨ ਦੇਖਨ ਪੈਹੈਂ ॥
ਰਿਧ ਸਿਧ ਤਿਨ ਕੇ ਗ੍ਰਿਹ ਮਾਹੀਂ ॥
ਪਾਪ ਤਾਪ ਛ੍ਵੈ ਸਕੈ ਨ ਛਾਹੀਂ ॥੧੪॥

ਤਿਹ ਮਲੇਛ ਛ੍ਵੈਹੈ ਨਹੀਂ ਛਾਹਾਂ ॥
ਅਸਟ ਸਿਧ ਹ੍ਵੈਹੈ ਘਰਿ ਮਾਹਾਂ ॥
ਹਾਸ ਕਰਤ ਜੋ ਉਦਮ ਉਠੈਹੈਂ ॥
ਨਵੋ ਨਿਧਿ ਤਿਨ ਕੇ ਘਰਿ ਐਹੈਂ ॥੧੫॥

ਮਿਰਜਾ ਬੇਗ ਹੁਤੋ ਤਿਹ ਨਾਮੰ ॥
ਜਿਨ ਢਾਹੇ ਬੇਮੁਖਨ ਕੇ ਧਾਮੰ ॥
ਸਬ ਸਨਮੁਖ ਗੁਰ ਆਪ ਬਚਾਏ ॥
ਤਿਨ ਕੇ ਬਾਰ ਨ ਬਾਂਕਨ ਪਾਏ ॥੧੬॥

ਉਤ ਅਉਰੰਗ ਜੀਅ ਅਧਿਕ ਰਿਸਾਯੋ ॥
ਚਾਰ ਅਹਦੀਯਨ ਅਉਰ ਪਠਾਯੋ ॥
ਜੇ ਬੇਮੁਖ ਤਾਂ ਤੇ ਬਚਿ ਆਏ ॥
ਤਿਨ ਕੇ ਗ੍ਰਿਹ ਪੁਨਿ ਇਨੈ ਗਿਰਾਏ ॥੧੭॥



Digitized by Panjab Digital Library | www.panjabdigilib.org

ਜੇ ਤਜਿ ਭਜੇ ਹੁਤੇ ਗੁਰ ਆਨਾ ॥
ਤਿਨ ਪੁਨਿ ਗੁਰੂ ਅਹਦੀਅਹਿ ਜਾਨਾ ॥
ਮੂਤ੍ਰ ਡਾਰ ਤਿਨ ਸੀਸ ਮੁੰਡਾਏ ॥
ਪਾਹੁਰਿ ਜਾਨਿ ਗ੍ਰਿਹਹਿ ਲੈ ਆਏ ॥੧੮॥
ਜੇ ਜੇ ਭਾਜ ਹੁਤੇ ਬਿਨੁ ਆਇਸੁ ॥
ਕਹੋ ਅਹਿਦੀਅਹਿ ਕਿਨੈ ਬਤਾਇਸੁ ॥
ਮੂੰਡ ਮੂੰਡਿ ਕਰਿ ਸਹਿਰ ਫਿਰਾਏ ॥
ਕਾਰ ਭੇਟ ਜਨੁ ਲੈਨ ਸਿਧਾਏ ॥੧੯॥
ਪਾਛੇ ਲਾਗਿ ਲਰਿਕਵਾ ਚਲੇ ॥
ਜਾਨੁਕ ਸਿਖ ਸਖਾ ਹੈਂ ਭਲੇ ॥
ਛਿਕੇ ਤੋਬਰਾ ਬਦਨ ਚੜ੍ਹਾਏ ॥
ਜਨੁ ਗ੍ਰਿਹ ਖ਼ਾਨ ਮਲੀਦਾ ਆਏ ॥੨੦॥
ਮਸਤਕ ਸੁਭੇ ਪਨਹੀਯਨ ਘਾਇ ॥
ਜਨੁ ਕਰਿ ਟੀਕਾ ਦਏ ਬਨਾਇ ॥
ਸੀਸ ਈਟ ਕੇ ਘਾਇ ਕਰੇਹੀ ॥
ਜਨੁ ਤਿਨੁ ਭੇਟ ਪੁਰਾਤਨ ਦੇਹੀ ॥੨੧॥

**ਦੋਹਰਾ ॥**

ਕਬਹੂੰ ਰਣ ਜੂਝਿਓ ਨਹੀ
ਕਛੁ ਦੈ ਜਸੁ ਨਹਿ ਲੀਨ ॥
ਗਾਂਵ ਬਸਤ ਜਾਨਿਯੋ ਨਹੀ
ਜਮ ਸੋ ਕਿਨ ਕਹਿ ਦੀਨ ॥੨੨॥

**ਚੌਪਈ ॥**

ਇਹ ਬਿਧਿ ਤਿਨੋ ਭਯੋ ਉਪਹਾਸਾ ॥
ਸਭ ਸੰਤਨ ਮਿਲਿ ਲਖਿਓ ਤਮਾਸਾ ॥
ਸੰਤਨ ਕਸਟ ਨ ਦੇਖਨ ਪਾਯੋ ॥
ਆਪ ਹਾਥ ਦੈ ਨਾਥ ਬਚਾਯੋ ॥੨੩॥

(ਦਸਮ ਗ੍ਰੰਥ, ਪੰਨਾ ੭੧)



Digitized by Panjab Digital Library | www.panjabdigilib.org

## ਅੰਤਕਾ ਨੰ: ੩

# ਫ਼ਤਹ ਦੀ ਚਿੱਠੀ

—ਦਾਨ ਸਿੰਘ ਕੋਮਲ

ਤੇਗਾਂ, ਤਬਰਾਂ, ਤੀਰਾਂ ਵਾਲੇ, ਲੈ ਕੇ ਉਸ ਕਰਤਾਰ ਦਾ ਨਾਂ।
ਮਰਦ ਸੂਰਮੇਂ ਸਾਜਣ ਵਾਲੇ ਲੈ ਕੇ ਸਿਰਜਣਹਾਰ ਦਾ ਨਾਂ।
ਜਿਸਦੇ ਘੋੜੇ ਹਵਾ ਤੋਂ ਤਿੱਖੇ, ਨਾਂ ਲੈ ਕੇ ਉਸ ਮਾਲਿਕ ਦਾ ਮੈਂ।
ਲਿਖਦਾ ਹਾਂ ਔਰੰਗੇ ਤੈਨੂੰ ਨਾਂ ਲੈ ਕੇ ਉਸ ਖਾਲਿਕ ਦਾ ਮੈਂ।
ਇਹ ਹੈ ਮੇਰੀ ਫਤਹ ਦੀ ਚਿੱਠੀ, ਇਹ ਹੈ ਤੇਰੀ ਹਾਰ ਦੀ ਚਿੱਠੀ।
ਏਹੋ ਤੇਰੀ ਮੌਤ ਬਣੇਗੀ, ਜਿਸ ਵੇਲੇ ਤੂੰ ਪੜ੍ਹ ਕੇ ਡਿੱਠੀ।
ਜਿਸ ਨੇ ਤੈਨੂੰ ਸ਼ਾਹ ਬਣਾ ਕੇ, ਹਿੰਦੁਸਤਾਨ ਦਾ ਰਾਜ ਹੈ ਦਿੱਤਾ।
ਓਸੇ ਮੈਨੂੰ ਦੀਨ ਧਰਮ ਦੀ, ਰਖਵਾਲੀ ਦਾ ਕਾਜ ਹੈ ਦਿੱਤਾ।
ਤੇਰੇ ਕੰਮਾਂ ਵਿਚ ਭਰੀ ਏ ਲੁੱਟਮਾਰ ਤੇ ਧੋਖੇਬਾਜ਼ੀ।
ਮੇਰੇ ਕੰਮ ਨੇ ਸੱਚ ਸਿਦਕ ਦੇ, ਜਿਉਂ ਰੱਬ ਰੱਖੇ ਤਿਉਂ ਮੈਂ ਰਾਜ਼ੀ।
ਓ ਸ਼ਾਹਾ ! ਸ਼ਾਹਾਂ ਨੂੰ ਕਰਨਾ, ਚੰਗਾ ਦਗ਼ਾ ਫ਼ਰੇਬ ਨਹੀਂ ਏ।
ਅਸਲ 'ਚ ਤੇਰਾ ਨਾਂ ਇਹ ਤੈਨੂੰ ਢੁੱਕਦਾ ਔਰੰਗਜ਼ੇਬ ਨਹੀਂ ਏ।
ਤੇਰੀ ਤੱਸਬੀ ਵਿਚ ਤੁਅੱਸਬ, ਮਰਜ਼ੀ ਦਾ ਤੂੰ ਮੱਤ ਚਲਾਇਆ।
ਮਣਕਿਆਂ ਦਾ ਤੂੰ ਦਾਣਾ ਪਾ ਕੇ, ਧਾਗੇ ਦਾ ਇਕ ਜਾਲ ਵਿਛਾਇਆ।
ਬਾਪ ਆਪਣਾ ਮਿੱਟੀ ਕਰ ਕੇ ਵਿਚ ਭਰਾ ਦਾ ਖ਼ੂਨ ਮਿਲਾਇਆ।
ਉਸ ਮਿੱਟੀ ਦਾ ਕੱਚਾ ਘਰ ਤੂੰ, ਆਪਣੇ ਵੱਸਣ ਲਈ ਬਣਾਇਆ।
ਤੇਗ਼ ਨਾਲ ਮੈਂ ਮੀਂਹ ਪਵਾ ਕੇ, ਉਹ ਤੇਰਾ ਘਰ ਰੋੜ੍ਹ ਦਿਆਂਗਾ।
ਵਾਹਿਗੁਰੂ ਦੀ ਮਿਹਰ ਨਾਲ ਮੈਂ, ਮੂੰਹ ਜ਼ੁਲਮ ਦਾ ਤੋੜ ਦਿਆਂਗਾ।
ਦੱਖਣ ਦਿਆਂ ਪਹਾੜਾਂ ਵਿਚੋਂ, ਮੈਂ ਸੁਣਿਐ, ਤੂੰ ਪਿਆਸਾ ਮੁੜਿਓਂ।



Digitized by Panjab Digital Library | www.panjabdigilib.org

ਨਾਲੇ ਤੂੰ ਮੇਵਾੜ ਦੇ ਵੱਲੋਂ, ਲੈ ਕੇ ਖ਼ਾਲੀ ਕਾਸਾ ਮੁੜਿਓਂ।
ਹੁਣ ਵੀ ਤ੍ਰਹਿ ਮਿਟੌਣ ਲਈ ਜੇ, ਤੱਕਿਆ ਤੂੰ ਪੰਜਾਬ ਦੇ ਵੱਲੇ।
ਤਾਂ ਫਿਰ ਵੇਖੀਂ ਰੱਖ ਦਿਆਂਗਾ, ਅੱਗ ਮੈਂ ਤੇਰਿਆਂ ਪੈਰਾਂ ਥੱਲੇ।
ਯਾਦ ਰੱਖ ਪੰਜਾਬ 'ਚੋਂ ਤੈਨੂੰ ਘੁੱਟ ਇਕ ਵੀ ਪੀਣ ਨਹੀਂ ਦੇਣਾ।
ਤੂੰ ਪਰਜਾ ਨੂੰ ਜੀਣ ਨਹੀਂ ਦਿੰਦਾ, ਮੈਂ ਵੀ ਤੈਨੂੰ ਜੀਣ ਨਹੀਂ ਦੇਣਾ।
ਤੇਰੇ ਕਈ ਜਰਨੈਲ ਬਹਾਦਰ, ਜੋ ਚਮਕੌਰ ਤੇ ਚੜ੍ਹ ਕੇ ਆਏ।
ਸਣੇ ਨਾਹਰ ਖਾਂ ਸਾਰੇ ਹੀ ਮੈਂ, ਆਪਣੇ ਤੀਰਾਂ ਨਾਲ ਉਡਾਏ।
ਪਰ ਮਰਦੂਦ ਖ਼ਵਾਜਾ ਜੇ ਨਾ, ਕੰਧ ਉਹਲੇ ਹੋ ਜਾਨ ਬਚੌਂਦਾ।
ਉਹਨੂੰ ਵੀ ਇਕ ਤੀਰ ਬਖਸ਼ਦਾ, ਜੇ ਉਹ ਮੈਨੂੰ ਮੂੰਹ ਵਿਖੌਂਦਾ।
ਤੇਰੇ ਦਸ ਲੱਖੀ ਫੌਜੀ ਵਹਿਸ਼ੀ ਮੇਰੇ ਮਰਦ ਸੀ ਭੁੱਖੇ ਚਾਲੀ।
ਕੀ ਮੁਕਾਬਲਾ ? ਫਿਰ ਵੀ ਸਿੰਘਾਂ, ਬੁਰੀ ਉਨ੍ਹਾਂ ਦੀ ਮਿੱਟੀ ਬਾਲੀ।
ਤੂੰ ਮਾਰੇ ਨੇ ਸ਼ੇਰ ਦੇ ਬੱਚੇ, ਗਿੱਦੜ ਬਣ ਕੇ ਨਾਲ ਚਲਾਕੀ।
ਐਪਰ ਹਾਲੀ ਸਹੀ ਸਲਾਮਤ, ਜੀਊਂਦਾ ਬੱਬਰ ਸ਼ੇਰ ਹੈ ਬਾਕੀ।
ਤੂੰ ਸਮਝੇਂ ਕਿ ਇਕ ਚੰਗਿਆੜਾ, ਫੜ ਕੇ ਤੂੰ ਬੁਝਾ ਦਿੱਤਾ ਏ।
ਮੈਂ ਕਹਿਨਾਂ, ਤੂੰ ਆਪਣੇ ਗਿਰਦੇ, ਭਾਂਬੜ ਹੋਰ ਮਚਾ ਦਿੱਤਾ ਏ।
ਇਸ ਭਾਂਬੜ ਦੇ ਸ਼ੋਅਲੇ ਤੈਨੂੰ ਸਾੜਨਗੇ, ਬਰਬਾਦ ਕਰਨਗੇ।
ਤੇਰੇ ਜ਼ੁਲਮ ਦਾ ਨਾਸ਼ ਕਰਨਗੇ, ਭਾਰਤ ਨੂੰ ਆਜ਼ਾਦ ਕਰਨਗੇ।
ਝੂਠੀਆਂ ਕਸਮਾਂ ਖਾਣ ਵਾਲਿਆ, ਤੇਰਾ ਕੋਈ ਯਕੀਨ ਨਹੀਂ ਏ।
ਸੌ ਵਾਰੀ ਅਫ਼ਸੋਸ ਤੇਰੇ ਤੇ, ਤੇਰਾ ਕੋਈ ਵੀ ਦੀਨ ਨਹੀਂ ਏ।
ਜੋ ਬਚਨਾਂ ਦਾ ਬਲੀ ਨਾ ਹੋਵੇ, ਮਜ਼੍ਹਬ ਉਹਨੂੰ ਮਰਦ ਨਾ ਸਮਝੇ।
ਬਾਦਸ਼ਾਹੀ ਦੇ ਲਾਇਕ ਨਹੀਂ ਉਹ, ਜੋ ਪਰਜਾ ਦਾ ਦਰਦ ਨਾ ਸਮਝੇ।
ਮੈਂ ਚਾਹੁੰਦਾ ਸਾਂ ਯੁੱਧ ਨਾ ਹੋਵੇ, ਕਿਸੇ ਤਰ੍ਹਾਂ ਪਰ ਗੱਲ ਨਾ ਮੁੱਕੀ।
ਮੁੱਕ ਗਏ ਜਦ ਸਾਰੇ ਹੀਲੇ, ਜਦ ਮੈਂ ਇਹ ਤਲਵਾਰ ਸੀ ਚੁੱਕੀ।
ਮੇਰੇ ਨਾਲ ਹੈ ਸਾਹਿਬ ਡਾਢਾ, ਮੇਰਾ ਵਿੰਗਾ ਵਾਲ ਨਹੀਂ ਹੋਇਆ।
ਗੁਰ ਨਾਨਕ ਦੀ ਸਿੱਖੀ ਦਾ ਇਹ ਬੂਟਾ ਵੇਖ ਲੈ ਨਵਾਂ ਨਰੋਇਆ।
ਜੇ ਤੂੰ ਸੱਚਾ ਖੁਦਾ-ਪ੍ਰਸੱਤ ਏਂ, ਤਾਂ ਫਿਰ ਆ ਕੇ ਮਿਲ ਪਓ ਮੈਨੂੰ।
'ਕਾਂਗੜ' ਨਗਰ 'ਚ ਮੈਂ ਹਾਂ ਬੈਠਾ, ਏਥੇ ਕੋਈ ਨਾ ਖਤਰਾ ਤੈਨੂੰ।



Digitized by Panjab Digital Library | www.panjabdigilib.org

ਜੇ ਆਵੇਂ ਤਾਂ ਮੁੱਕ ਸਕਦੇ ਨੇ, ਕੁੱਲ ਬਖੇੜੇ, ਝਗੜੇ, ਝੇੜੇ।
ਪਰ ਤੂੰ ਕਦੇ ਨਾ ਸਾਹਵੇਂ ਔਣਾ, ਹੋਣੇ ਨਹੀਂ ਇਹ ਕਦੇ ਨਬੇੜੇ।
ਮੇਰੀ ਚਾਹ ਕਿ ਰਣ ਦੇ ਅੰਦਰ, ਤੂੰ ਵੀ ਆਵੇਂ, ਮੈਂ ਵੀ ਆਵਾਂ।
ਆਪਣੇ ਸਿਰ ਤੇ ਧੜ ਦੀ ਬਾਜ਼ੀ, ਤੂੰ ਵੀ ਲਾਵੇਂ, ਮੈਂ ਵੀ ਲਾਵਾਂ।
ਦੋਂਹ ਸਵਾਰਾਂ ਨਾਲ ਤੂੰ ਆਵੀਂ, ਮੈਂ ਆਵਾਂਗਾ ਕਲੱਮ-ਕੱਲਾ।
ਪਹਿਲਾ ਵਾਰ ਕਰੀਂ ਤੂੰ ਪਹਿਲਾਂ, ਮੈਂ ਰੋਕਾਂਗਾ ਤੇਰਾ ਹੱਲਾ।
ਜੇਕਰ ਇੰਝ ਵੀ ਲੜ ਨਾ ਸਕੇਂ, ਫਿਰ ਕਿਉਂ ਹੁਕਮ ਚਲਾਈ ਜਾਨੈਂ।
'ਕੋਮਲ' ਜੀਵ ਭੰਗ ਦੇ ਭਾੜੇ, ਐਵੇਂ ਕਿਉਂ ਮਰਵਾਈ ਜਾਨੈਂ।

("ਗੁਰਮਤਿ ਪ੍ਰਕਾਸ਼" ਦਸੰਬਰ ੧੯੬੨ ਵਿਚੋਂ ਧੰਨਵਾਦ ਸਹਿਤ)



Digitized by Panjab Digital Library | www.panjabdigilib.org

## ਅੰਤਕਾ ਨੰ: ੪

# ਬੰਦਾ ਵੀਰ

ਦਸ਼ਮੇਸ਼ ਪਿਤਾ ਦੇ ਥਾਪੇ ਬਾਬਾ ਬੰਦਾ ਸਿੰਘ ਬਹਾਦਰ ਦੀ ਸੂਰਮਗਤੀ ਦੀ ਵਾਰ ਨੂੰ ਸਰਵ-ਸਰੇਸ਼ਟ ਸ਼ਖਸੀਅਤ ਦੇ ਸਵਾਮੀ ਤੇ ਨੋਬਲ ਪੁਰਸਕਾਰ ਵਿਜੇਤਾ, ਰਾਬਿੰਦਰ ਨਾਥ ਟੈਗੋਰ ਦੇ ਅਨੁਭਵੀ ਸਿਦਕ ਨੇ 'ਬੰਦਾ ਵੀਰ' ਦੇ ਸਿਰਲੇਖ ਹੇਠਾਂ, ਦਿਲੀ ਸ਼ਰਧਾਂਜਲੀ ਭੇਟ ਕੀਤੀ। ਉਸ ਦਾ ਪੰਜਾਬੀ ਰੂਪ, ਸ਼੍ਰੋਮਣੀ ਸਾਹਿਤਕਾਰ ਮਨੋਹਰ ਸਿੰਘ ਮਾਰਕੋ ਦੀ ਲੇਖਣੀ ਰਾਹੀਂ ਪੇਸ਼ ਹੈ :—

੧. ਦਿੱਲੀ ਵਿਚ ਸਿਰਕਢਵਾਂ ਮੁਗ਼ਲਾਂ ਦਾ ਦਰਬਾਰ
ਸੁੱਤਿਆਂ ਨੀਂਦਰ ਸ਼ਾਹ ਦੀ ਉਚਟ ਜਾਏ ਸੌ ਵਾਰ
ਇਹੋ ਜਿਹਾ ਕੋਈ ਭੈ ਸੀ ਉਸ ਦੇ ਦਿਲ ਵਿਚਕਾਰ
ਹੂਕਾਂ ਬਣ ਬਣ ਲੁਛਦੀ ਚੇਤਨਤਾ ਹਰ ਵਾਰ।

੨. ਖ਼ਬਰੇ ਕਿਹੜੀ ਅੱਗ ਨੇ ਲੂਹਿਆ ਉਸ ਦਾ ਦਿਲ
ਅਭੜਵਾਹੇ ਭੁੜਕਦਾ ਤਪਿਆਂ ਵਾਂਗੂ ਸਿਲ
ਦਿੱਲੀ ਦੇ ਆਕਾਸ਼ ਤੋਂ ਆਉਂਦਾ ਜਾਪੇ ਸੇਕ
ਸ਼ਾਹ ਦਾ ਹਿਰਦਾ ਡੋਲਦਾ ਮੌਲਾ ਤੇਰੀ ਟੇਕ।

੩. ਪੰਜ ਪਾਣੀਆਂ ਦੀ ਧਰਤ ਤੇ ਰਤ ਦੀਆਂ ਨਦੀਆਂ ਵਹਿਣ
ਕਿਸੇ ਸੁਚੇ ਆਦਰਸ਼ ਲਈ ਸਿੱਖ ਤਸੀਹੇ ਸਹਿਣ



Digitized by Panjab Digital Library | www.panjabdigilib.org

ਜੁੱਸੇ ਲਿਬੜੇ ਲਹੂ ਸੰਗ, ਸ਼ੁਕਰ ਸ਼ੁਕਰ ਪਏ ਕਹਿਣ
ਸਿਦਕਵਾਨ ਮਰਜੀਵੜੇ ਭਾਣੇ ਅੰਦਰ ਰਹਿਣ ।

੪. ਮੁਗ਼ਲਾਂ ਦੇ ਸੰਗ ਇਨ੍ਹਾਂ ਨੇ ਦਿੱਤਾ ਆਢਾ ਲਾ
ਹਿਰਦੇ ਰਖ ਕੇ ਸਿਦਕ ਨੂੰ ਸਤਿਗੁਰ ਲਿਆ ਧਿਆ
ਸੀਸ ਸਜਾਏ ਅੰਮੜੀਆਂ ਲਹੂ ਦੇ ਟਿਕੇ ਲਾ
ਕਿਹੋ ਜਿਹੇ ਇਹ ਸਿੱਖ ਨੇ ਕੀ ਇਨ੍ਹਾਂ ਦੇ ਚਾਅ ।

੫. ਭੰਬਟ ਵਾਂਗੂੰ ਮਚਲਦੇ ਸੜਦਾ ਵੇਖ ਚੌਫ਼ੇਰ
ਪਾਲਾਂ ਬੰਨ੍ਹ ਬੰਨ੍ਹ ਜੂਝਦੇ ਜ਼ਰਾ ਨਾ ਲਾਂਦੇ ਦੇਰ
ਕਰਨ ਮਖੌਲਾਂ ਮੌਤ ਨੂੰ ਬੁੱਕਣ ਵਾਂਗੂੰ ਸ਼ੇਰ
ਜਿਧਰ ਵੇਖਣ ਘੂਰ ਕੇ ਮਚਦਾ ਜਾਏ ਹਨੇਰ ।

੬. ਰਣ ਵਿਚ ਕੁਦ ਪਏ ਸੂਰਮੇ ਹਥ ਪੜੱਥੀ ਵਾਰ
ਫੜ ਲਏ ਵੈਰੀ ਗਿੱਚੀਓਂ ਪਹਿਲੀ ਝੁਟੀ ਮਾਰ
ਜ਼ਹਿਰੀ ਸੱਪ ਤੇ ਝਪਟਦਾ ਜੀਕੂ ਬਾਜ਼ ਉਡਾਰ
ਪੰਜਿਆਂ ਵਿਚ ਨਪੀੜ ਕੇ ਪਟਕੇ ਮੂੰਹ ਦੇ ਭਾਰ ।

੭. ਅਨਗਿਣਵੀ ਜਹੀ ਫ਼ੌਜ ਸੀ, ਗਿਣਤੀ ਦੇ ਕੁਝ ਸਿੱਖ
ਸੰਗਲਾਂ ਦੇ ਵਿਚ ਨੂੜ ਕੇ ਕਰ ਲਏ-ਘੇਰੇ ਵਿਚ
ਲਹੂ ਦੇ ਲੀੜੇ ਲਿਬੜੇ, ਤਨ ਤੇ ਘਾਓ ਅਨੇਕ
ਦਿਡੀ ਲੂਸਣ ਆਂਦਰਾਂ ਮਨ ਵਿਚ ਉਸ ਦੀ ਟੇਕ ।

੮. ਵੈਰੀ ਉਤੇ ਟੁਟ ਪਿਆ ਬੰਦਾ ਸਿੰਘ ਦਲੇਰ
ਮੁਗ਼ਲਾਂ ਆ ਕੇ ਨਰੜਿਆ ਪਿੰਜਰੇ ਅੰਦਰ ਸ਼ੇਰ
ਬੰਦੀ ਕਰ ਲਿਆ ਸੂਰਮਾ ਚਾਰੇ ਪਾਸੋਂ ਘੇਰ
ਦਿੱਲੀ ਵਲ ਨੂੰ ਟੁਰ ਪਏ ਵਜ ਗਏ ਡੰਕੇ ਫੇਰ ।



Digitized by Panjab Digital Library | www.panjabdigilib.org

੯. ਸੈਨਾ ਚਾਲੇ ਪਾ ਲਏ ਦਿੱਲੀ ਸ਼ਹਿਰ ਵਲ
ਚਲਣ ਜਿਵੇਂ ਹਨੇਰੀਆਂ ਕੋਈ ਨਾ ਸਕੇ ਠਲ੍ਹ
ਸਤ ਸੌ ਸਿੱਖ ਸੀ ਕੈਦ ਵਿਚ ਸੰਗਲਾਂ ਲਈਆਂ ਵਲ
ਇਕ ਘਿਨਾਉਣਾ ਦ੍ਰਿਸ਼ ਸੀ ਇਕ ਅਨੋਖੀ ਗਲ ।

੧੦. ਨੇਜ਼ੇ ਦੀ ਹਰ ਨੋਕ ਤੇ ਇਕ ਇਕ ਸਿੱਖ ਦਾ ਸੀਸ
ਲਹੂ ਦੀਆਂ ਧਾਰਾਂ ਚੋ ਰਹੀਆਂ, ਤਕਿਆਂ ਉਠਦੀ ਚੀਸ
ਸੰਗਲੀ ਜਕੜੇ ਕੈਦੀਆਂ ਮੂੰਹੋਂ ਕਢੀ ਵਾਜ
ਬਹੁੜੀਂ ਸਚੇ ਪਾਤਸ਼ਾਹ ਰਖ ਪੰਥ ਦੀ ਲਾਜ ।

੧੧. ਦਿੱਲੀ ਚਾਂਦਨੀ ਚੌਕ ਵਿਚ ਜੁੜੇ ਤਮਾਸ਼ਾਬੀਨ
ਸਿੱਖਾਂ ਦਾ ਇਹ ਕਾਫਲਾ ਚੋਖਾ ਸਾਹ-ਸਤ ਹੀਣ
ਦਿਸਣ ਨੂੰ ਮੰਦਹਾਲੀਆਂ ਅੰਦਰੋਂ ਪਰ ਲਿਵਲੀਨ
ਫ਼ਤਹ ਗਜਾਂਦਾ ਗੁਰੂ ਦੀ, ਭਾਣੇ ਦੇ ਅਧੀਨ ।

੧੨. ਵੇਖਣ ਵਾਲੇ ਦਸਦੇ ਬੜੀ ਅਨੋਖੀ ਗੱਲ
ਕੈਦੀਆਂ ਵਿਚ ਤਕਰਾਰ ਦੀ, ਲਹਿਰ ਪਈ ਇਕ ਚਲ
ਹਰ ਕੋਈ ਪਹਿਲ ਉਡੀਕਦਾ ਵਧ ਕੇ ਹੋਣੀ ਵਲ
'ਜਾਇ ਮਿਲਾਂ ਤਿਨਾਂ ਸਜਣਾ' ਹੋਵੇ ਜਨਮ ਸਫ਼ਲ ।

੧੩. ਚਲ ਪਿਆ ਚੱਕਰ ਮੌਤ ਦਾ ਕਾਤਲ ਕਰਦਾ ਵਾਰ
ਇਕ ਜੈਕਾਰਾ ਗੂੰਜਦਾ ਚਲਦੀ ਜਦ ਤਲਵਾਰ
ਸਿੱਖ ਕਟੀਂਦੇ ਜਾ ਰਹੇ ਵਧਦੇ ਵਾਰੋ ਵਾਰ
ਸਤ ਦਿਨਾਂ ਦੀ ਖੇਡ ਸੀ ਸੱਤ ਸੌ ਹੀ ਸਰਦਾਰ ।

੧੪. ਹੁਣ ਹੋਣੀ ਹੱਥ ਆ ਗਿਆ ਬੰਦਾ ਸਿੰਘ ਮਹਾਨ
ਉਸ ਦੇ ਨਿਕੇ ਬਾਲ ਨੂੰ ਸਾਹਵੇਂ ਕੀਤਾ ਆਣ
ਕਾਜ਼ੀ ਕਹਿੰਦਾ 'ਸਿੰਘ ਜੀ, ਇਹ ਪਕੜੋ ਕਿਰਪਾਨ
ਕਟੋ ਇਸ ਦੇ ਸੀਸ ਨੂੰ ਇਹ ਸ਼ਾਹੀ ਫੁਰਮਾਨ' ।



Digitized by Panjab Digital Library | www.panjabdigilib.org

੧੫. ਦੁਨੀਆਂਦਾਰੀ ਵਾਸਤੇ ਪੁੱਤਰ ਹੈਨ ਨਿਸ਼ਾਨ
ਜੇ ਕੋਈ ਝਿੜਕੇ ਇਨ੍ਹਾਂ ਨੂੰ ਕਢੀਏ ਉਸ ਦੀ ਜਾਨ
ਪੁੱਤਰ ਨੂੰ ਝਟਕਾਣ ਦਾ ਇਹ ਕੈਸਾ ਇਮਤਿਹਾਨ
ਜਿਹੜੀਆਂ ਚਿਤ ਨਾ ਚੇਤੇ ਸਨ, ਉਹੀ ਹੋਈਆਂ ਆਣ ।

੧੬. ਬੰਦੇ ਚੁਕ ਕੇ ਬਾਲ ਨੂੰ ਪਹਿਲਾਂ ਕੀਤਾ ਪਿਆਰ
ਫਿਰ ਉਸ ਨੂੰ ਸਮਝਾਇਆ ਸਿੱਖੀ ਦਾ ਕਿਰਦਾਰ
ਤੇਰੇ ਵਰਗੇ ਬਾਲ ਸਨ, ਫ਼ਤਹ ਸਿੰਘ, ਜੋਝਾਰ
'ਖੇਤ ਜੋ ਮਾਂਡਿਉ ਸੂਰਮਾ, ਅਬ ਜੂਝਣ ਦੀ ਵਾਰ' ।

੧੭. ਫ਼ਤਹ ਗਜਾਈ ਬਾਲ ਨੇ ਹੁਣ ਹੋਇਆ ਸੁਰਜੀਤ
ਜਾਨ ਜਾਏ ਤਾਂ ਜਾਣ ਦੇ ਇਹ ਸਿੱਖੀ ਦੀ ਰੀਤ
ਸ਼ੁਭ ਕਰਮਾਂ ਦਾ ਧਾਰਨੀ ਨਿਸਚੈ ਹੋਵੈ ਜੀਤ
ਜਾਇ ਮਿਲਾਂ ਤਿਨਾਂ ਸਾਜਣਾ ਟੁਟੇ ਨਾਹੀ ਪ੍ਰੀਤ ।

੧੮. ਕਾਜ਼ੀ ਹੋਇਆ ਕਰੋਧਵਾਨ ਝਲ ਨ ਸਕਿਆ ਝਾਲ
ਕੀਤਾ ਵਾਰ ਜੱਲਾਦ ਨੇ ਤੜਫਣ ਲੱਗਾ ਬਾਲ
ਸਫਲ ਨ ਤਾਂ ਵੀ ਹੋ ਸਕੀ ਹੋਣੀ ਦੀ ਇਹ ਚਾਲ
ਲੁਸ ਲੁਸ ਉਛਲਣ ਆਂਦਰਾਂ, ਧਰਤੀ ਲਾਲੋ ਲਾਲ ।

੧੯. ਲਿਖਿਆ ਏ ਇਤਿਹਾਸ ਵਿਚ ਬੰਦ ਰਿਹਾ ਅ-ਹਿਲ
ਕੋਹੇ ਗਏ ਇਸ ਬਾਲ ਦਾ ਲੁਸ ਲੁਸ ਕਰਦਾ ਦਿਲ
ਪਿਉ ਦੇ ਮੂੰਹ ਵਿਚ ਪਾਇਆ ਤਾਂ ਜੋ ਜਾਵੇ ਡੋਲ
ਇਸ ਕਰੜੀ ਅਜ਼ਮੈਸ਼ ਵਿਚ ਬੰਦਾ ਰਿਹਾ ਅਡੋਲ
ਰੋਵੇਗਾ ਇਤਿਹਾਸ ਵੀ ਆਪਣੇ ਪੰਨੇ ਫੋਲ ।

੨੦. ਐਸਾ ਭਿਆਨਕ ਦ੍ਰਿਸ਼ ਸੀ, ਵੇਖਣ ਵਾਲੇ ਕਹਿਣ
ਨਾਲ ਜੰਬੂਰਾਂ ਨੋਚਦੇ ਪਹਿਲਾਂ ਕਢੇ ਨੈਣ
ਲਾਲ ਸੁਲਾਖਾਂ ਕੀਤੀਆਂ ਇਕ ਇਕ ਅੰਗ ਜਲਾਣ
ਫਤਹ ਗਜਾਈ ਸਿੱਖ ਨੇ ਤਨ ਚੋਂ ਉਡੇ ਪ੍ਰਾਣ ।



Digitized by Panjab Digital Library | www.panjabdigilib.org

੨੧. "ਗਗਨ ਦਮਾਮਾ ਬਾਜਿਓ ਪਰਿਓ ਨੀਸਾਨੇ ਘਾਉ
ਖੇਤ ਜੋ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੈ ਖੇਤੁ" ।

(ਗੁਰਮਤਿ ਪ੍ਰਕਾਸ਼ ਦਸੰਬਰ ੧੯੯੨ ਵਿਚੋਂ ਧੰਨਵਾਦ ਸਹਿਤ)

○ ⊙ ○



Digitized by Panjab Digital Library | www.panjabdigilib.org

B-0843

Digitized by Panjab Digital Library | www.panjabdigilib.org

Digitized by Panjab Digital Library | www.panjabdigilib.org